# ਅਧਿਆਇ 1

# ਪਹਿਲੀ ਗਿਣਤੀ

ਗਿਣਤੀ ਦੀ ਲਿਖਤ ਵਿਚ, ਮੂਸਾ ਵਾਅਦੇ ਦੀ ਧਰਤੀ ਵਿਚ ਦਾਖ਼ਲ ਹੋਣ ਤੋਂ ਪਹਿਲਾਂ ਉਜਾੜ ਵਿਚ ਭਟਕਣ ਵਾਲੇ ਲਗਭਗ ਚਾਲੀ ਸਾਲਾਂ ਨੂੰ ਚੇਤੇ ਕਰਦਾ ਹੈ। ਉਹ ਸੀਨਈ ਪਹਾੜ ਨੂੰ ਛੱਡ ਕੇ ਜਾਣ ਦੀ ਉਨ੍ਹਾਂ ਦੀ ਤਿਆਰੀ ਨਾਲ ਸ਼ੁਰੂਆਤ ਕਰਦਾ ਹੈ ਅਤੇ ਯਰਦਨ ਨਦੀ ਦੇ ਪੂਰਬ ਵਿਚ ਮੋਆਬ ਦੇ ਦੇਸ ਵਿਚ ਡੇਰਾ ਲਾਉਣ ਨਾਲ ਖਤਮ ਕਰਦਾ ਹੈ ਜਿੱਥੇ ਉਨ੍ਹਾਂ ਨੇ ਕਨਾਨ ਵਿਚ ਪਾਰ ਲੰਘਣ ਦੀ ਤਿਆਰੀ ਕੀਤੀ ਸੀ।

ਪੁਸਤਕ ਦਾ ਪਹਿਲਾ ਭਾਗ, ਜਿਹੜਾ ਕਿ ਮਿਸਰੀ ਦੀ ਗੁਲਾਮੀ ਤੋਂ ਇਸਰਾਏਲੀਆਂ ਦੀ ਅਜ਼ਾਦੀ ਦੇ ਪਹਿਲੇ ਕੁਝ ਹਫ਼ਤਿਆ ਦਾ ਵਰਣਨ ਕਰਦਾ ਹੈ, ਬਹੁਤ ਹੀ ਨੇੜਿਓਂ ਕੂਚ ਦੇ ਆਖ਼ਰੀ ਭਾਗ ਨਾਲ ਸੰਬੰਧਤ ਹੈ। ਅਧਿਆਇ 1 ਤੋਂ 10 ਸੀਨਈ ਪਹਾੜ ਤੋਂ ਇਸਰਾਏਲੀਆਂ ਦੇ ਸਫ਼ਰ ਦੀ ਤਿਆਰੀ ਬਾਰੇ ਹੈ, ਜਿੱਥੇ ਉਹ ਪਰਮੇਸ਼ੁਰ ਦੀ ਰੱਬੀ ਵਿਵਸਥਾ ਨੂੰ ਪ੍ਰਾਪਤ ਕਰਨ ਦੇ ਰਾਹੀਂ ਇੱਕੋ ਕੌਮ ਵਿਚ ਸ਼ਾਮਲ ਕੀਤੇ ਗਏ ਸਨ। ਉਨ੍ਹਾਂ ਦੇ ਕੂਚ ਕਰਨ ਤੋਂ ਪਹਿਲਾਂ, ਮੂਸਾ ਨੇ ਬਹੁਤ ਸਾਰੇ ਤਰੀਕਿਆਂ ਦਾ ਵਰਣਨ ਕੀਤਾ ਜਿਨ੍ਹਾਂ ਨਾਲ ਪਰਮੇਸ਼ੁਰ ਦੇ ਲੋਕ ਪਰਮੇਸ਼ੁਰ ਦੀ ਚੁਣੀ ਹੋਈ ਪਰਜਾ ਦੇ ਰੂਪ ਵਿਚ ਉਨ੍ਹਾਂ ਦੀਆਂ ਜ਼ਿੰਮੇਵਾਰੀਆਂ ਦੇ ਤਿਆਰ ਹੋ ਰਹੇ ਸਨ।

ਪਹਿਲੀ ਗੱਲ ਇਹ ਹੈ ਕਿ ਕੌਮ ਸਫ਼ਰ ਦੇ ਲਈ ਸੰਗਠਿਤ ਸੀ। ਉਨ੍ਹਾਂ ਨੂੰ ਉਸ ਤਰਤੀਬ ਦੇ ਬਾਰੇ ਹਦਾਇਤਾਂ ਦਿੱਤੀਆਂ ਗਈਆਂ ਸਨ ਜਿਸ ਨਾਲ ਉਨ੍ਹਾਂ ਨੇ ਅੱਗੇ ਵਧਣਾ ਸੀ, ਉਨ੍ਹਾਂ ਨੇ ਕਿਵੇਂ ਡੇਰਾ ਲਾਉਣਾ ਸੀ, ਕਿਵੇਂ ਉਜਾੜ ਵਿਚ ਉਨ੍ਹਾਂ ਦੀ ਅਗਵਾਈ ਕੀਤੀ ਜਾਣੀ ਸੀ ਅਤੇ ਕਿਹੜੇ ਇਸ਼ਾਰੇ ਇਸ ਸੰਕੇਤ ਦੇਣ ਦੇ ਲਈ ਵਰਤੇ ਜਾਣੇ ਸਨ ਕਿ ਉਨ੍ਹਾਂ ਨੇ ਹਰ ਦਿਨ ਆਪਣੇ ਸਫ਼ਰ ਨੂੰ ਕਦੋਂ ਸ਼ੁਰੂ ਕਰਨਾ ਸੀ।

ਦੂਜੀ ਗੱਲ, ਇਸਰਾਏਲ ਜੁੱਧ ਦੇ ਲਈ ਤਿਆਰ ਸੀ। ਉਨ੍ਹਾਂ ਦੇ ਲੜਨ ਵਾਲੇ ਮਨੁੱਖਾਂ ਨੂੰ ਪਹਿਲਾਂ ਹੀ ਉਨ੍ਹਾਂ ਜੁੱਧਾਂ ਦੇ ਲਈ ਤਿਆਰੀ ਦੇ ਰੂਪ ਵਿਚ ਗਿਣਤੀ ਕਰਕੇ ਰੱਖਿਆ ਗਿਆ ਸੀ ਜੋ ਭਵਿੱਖ ਵਿਚ ਉਨ੍ਹਾਂ ਨੂੰ ਲੜਨੇ ਪੈ ਸਕਦੇ ਸਨ - ਖਾਸ ਕਰਕੇ, ਉਨ੍ਹਾਂ ਨੂੰ ਉਨ੍ਹਾਂ ਲੜਾਈਆਂ ਦੇ ਲਈ ਸੰਗਠਿਤ ਕੀਤਾ ਗਿਆ ਸੀ ਜੋ ਉਨ੍ਹਾਂ ਨੇ ਕਨਾਨ ਦੀ ਧਰਤੀ ਤੇ ਕਬਜ਼ਾ ਕਰਨ ਦੇ ਲਈ ਲੜਨੀਆਂ ਸਨ।

ਤੀਜੀ ਗੱਲ, ਕੌਮ ਨੂੰ ਇਹ ਹਦਾਇਤ ਦਿੱਤੀ ਗਈ ਸੀ ਕਿ ਉਨ੍ਹਾਂ ਨੇ ਬੰਦਗੀ ਕਿਵੇਂ ਕਰਨੀ ਸੀ। ਡੇਰੇ ਨੂੰ ਸਾਰੀ ਅਸ਼ੁੱਧਤਾ ਤੋਂ ਪਵਿੱਤ੍ਰ ਕੀਤਾ ਗਿਆ ਸੀ; ਰਸਮੀ ਅਤੇ ਨੈਤਿਕ ਦੋਹਾਂ ਅਸ਼ੁੱਧਤਾ ਦੇ ਇਲਾਜ ਦਾ ਵੀ ਬੰਦੋਬਸਤ ਕੀਤਾ ਗਿਆ ਸੀ ਜੋ ਕਿ ਲੋਕਾਂ ਨੂੰ ਲਗਾਤਾਰ ਉਨ੍ਹਾਂ ਦੇ ਪਵਿੱਤ੍ਰ ਪਰਮੇਸ਼ੁਰ ਵੱਲੋਂ ਬਰਕਤ ਪਾਉਣ ਦੇ ਯੋਗ ਬਣਾਉਂਦੀ ਸੀ। ਜਾਜਕਪੁਣਾ ਸਥਾਪਤ ਕੀਤਾ ਗਿਆ ਸੀ ਅਤੇ ਜਿਨ੍ਹਾਂ ਨੇ ਇਸਰਾਏਲੀਆਂ ਦੀ ਬੰਦਗੀ ਵਿਚ ਅਗਵਾਈ ਕਰਨੀ ਸੀ ਅਤੇ ਕੌਮ ਦੀਆਂ ਪਵਿੱਤ੍ਰ ਵਸਤਾਂ ਦੀ ਦੇਖਭਾਲ ਕਰਨੀ ਸੀ ਉਨ੍ਹਾਂ - ਜਾਜਕਾਂ ਅਤੇ ਲੇਵੀਆਂ - ਨੂੰ ਮਸਹ ਕੀਤਾ ਗਿਆ ਸੀ, ਉਨ੍ਹਾਂ ਦੀ ਗਿਣਤੀ ਕੀਤੀ ਗਈ ਸੀ ਅਤੇ ਉਨ੍ਹਾਂ ਨੂੰ ਆਪਣੀਆਂ-ਆਪਣੀਆਂ ਜ਼ਿੰਮੇਵਾਰੀਆਂ ਸੌਂਪੀਆਂ ਗਈਆਂ ਸਨ। ਗੋਤਾਂ ਨੇ ਡੇਹਰੇ ਨੂੰ ਪਵਿੱਤ੍ਰ ਕਰਨ ਦੇ ਲਈ ਖੁੱਲ੍ਹੇ ਦਿਲ

ਨਾਲ ਦਾਨ ਦਿੱਤਾ। ਪਸਾਹ ਦਾ ਪਰਬ ਮਨਾਇਆ ਗਿਆ, ਇਸਰਾਏਲੀਆਂ ਨੂੰ ਇਹ ਚੇਤੇ ਕਰਾਉਣ ਦੇ ਲਈ ਕਿ ਮਿਸਰ ਵਿੱਚੋਂ ਪਰਮੇਸ਼ੁਰ ਦੁਆਰਾ ਦਿੱਤੇ ਗਏ ਛੁਟਕਾਰੇ ਨੇ ਹੀ ਵਾਅਦੇ ਦੀ ਧਰਤੀ ਤੱਕ ਪਹੁੰਚਣ ਦੇ ਉਨ੍ਹਾਂ ਦੇ ਸਫ਼ਰ ਨੂੰ ਸੰਭਵ ਬਣਾਇਆ ਸੀ।

ਇਨ੍ਹਾਂ ਸ਼ੁਰੂਆਤੀ ਅਧਿਆਵਾਂ ਵਿਚ, ਇਸਰਾਏਲੀਆਂ ਨੇ ਨਿਰੰਤਰਤਾ ਆਗਿਆਕਾਰੀ ਨਾਲ ਪਰਮੇਸ਼ੁਰ ਦੇ ਹੁਕਮਾਂ ਦਾ ਜਵਾਬ ਦਿੱਤਾ ਸੀ। ਬਾਅਦ ਵਿਚ, ਜਿਵੇਂ-ਜਿਵੇਂ ਉਨ੍ਹਾਂ ਦੀ ਕਹਾਣੀ ਅੱਗੇ ਵਧਦੀ ਗਈ, ਉਨ੍ਹਾਂ ਦੇ ਪਾਪ ਦੇ ਕਾਰਨ ਉਹ ਸਫ਼ਰ ਜਿਸ ਨੂੰ ਪੂਰਾ ਕਰਨ ਵਿਚ ਸਿਰਫ ਚਾਲੀ ਦਿਨ ਲੱਗਣੇ ਚਾਹੀਦੇ ਸਨ ਲਗਭਗ ਚਾਲੀ ਵਰਹੇ ਲੱਗ ਗਏ।

## ਪਹਿਲੀ ਗਿਣਤੀ ਦਾ ਹੁਕਮ ਜਾਰੀ ਕੀਤਾ ਗਿਆ (1:1-4)

**1ਉਨ੍ਹਾਂ ਨੇ ਮਿਸਰ ਦੇਸ ਤੋਂ ਨਿੱਕਲਣ ਦੇ ਪਿੱਛੋਂ ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਪਹਿਲੇ ਦਿਨ ਸੀਨਈ ਦੀ ਉਜਾੜ ਵਿੱਚ ਮੰਡਲੀ ਦੇ ਤੰਬੂ ਵਿੱਚ ਯਹੋਵਾਹ ਮੂਸਾ ਨੂੰ ਬੋਲਿਆ 2ਕਿ ਇਸਰਾਏਲੀਆਂ ਦੀ ਸਾਰੀ ਮੰਡਲੀ ਦੀ ਗਿਣਤੀ ਕਰ ਉਨ੍ਹਾਂ ਦੇ ਟੱਬਰਾਂ ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ, ਸਿਰਾਂ ਪਰਤੀ ਸਾਰੇ ਨਰਾਂ ਦੇ ਨਾਮਾਂ ਦੀ ਗਿਣਤੀ ਕਰ। 3ਵੀਹ ਵਰਿਹਾਂ ਦੇ ਯਾ ਉੱਪਰ ਦੇ ਸਾਰੇ ਜਿਹੜੇ ਇਸਰਾਏਲ ਵਿੱਚੋਂ ਜੁੱਧ ਲਈ ਨਿੱਕਲਦੇ ਹਨ ਤੂੰ ਅਤੇ ਹਾਰੂਨ ਉਨ੍ਹਾਂ ਦੀ ਗਿਣਤੀ ਉਨ੍ਹਾਂ ਦੀਆਂ ਸੈਨਾਂ ਅਨੁਸਾਰ ਕਰੋ। 4ਅਤੇ ਤੁਹਾਡੇ ਨਾਲ ਇੱਕ ਇੱਕ ਗੋਤ ਦਾ ਇੱਕ ਮਨੁੱਖ ਹੋਵੇ ਜਿਹੜਾ ਆਪਣੇ ਪਿਤ੍ਰਾਂ ਦੇ ਘਰਾਣੇ ਵਿੱਚ ਮੁਖੀਆ ਹੈ।**

**ਆਇਤ 1.** ਲਿਖਤ ਇਹ ਕਹਿੰਦੇ ਹੋਏ ਸ਼ੁਰੂ ਹੁੰਦੀ ਹੈ ਕਿ **ਯਹੋਵਾਹ ਮੂਸਾ ਨੂੰ ਬੋਲਿਆ** ਅਤੇ ਇਹ ਇਸ ਤਰੀਕੇ ਨਾਲ ਹੀ ਖਤਮ ਹੁੰਦੀ ਹੈ: "ਏਹ ਓਹ ਹੁਕਮ ਅਤੇ ਫ਼ੈਸਲੇ ਹਨ ਜਿਨ੍ਹਾਂ ਦਾ ਯਹੋਵਾਹ ਨੇ ਮੂਸਾ ਦੇ ਰਾਹੀਂ ... ਮੋਆਬ ਦੇ ਮਦਾਨ ਵਿੱਚ ਯਰਦਨ ਦੇ ਉੱਤੇ ਯਰੀਹੋ ਦੇ ਕੋਲ ਹੁਕਮ ਦਿੱਤਾ ਸੀ" (36:13)। ਪਰਮੇਸ਼ੁਰ "ਮੂਸਾ ਨੂੰ ਬੋਲਿਆ" ਅਤੇ ਮੂਸਾ ਦੇ ਰਾਹੀਂ ਇਸਰਾਏਲੀਆਂ ਨੂੰ, ਜਿਸ ਦੇ ਬਾਰੇ ਪੁਸਤਕ ਵਿਚ "150 ਤੋਂ ਵੀ ਵੱਧ ਵਾਰ ਅਤੇ ਵੀਹ ਤੋਂ ਵੀ ਵੱਧ ਤਰੀਕਿਆਂ ਨਾਲ ਦੱਸਿਆ ਗਿਆ ਹੈ।"[1] ਸਪੱਸ਼ਟ ਰੂਪ ਵਿਚ, ਗਿਣਤੀ ਦੀ ਪੁਸਤਕ ਪਰਮੇਸ਼ੁਰ ਦੇ ਬੁਲਾਰੇ ਮੂਸਾ ਦੇ ਰਾਹੀਂ ਪਰਮੇਸ਼ੁਰ ਦੀ ਪਰਜਾ ਦੇ ਲਈ ਉਸ ਦੀ ਇੱਛਾ ਦੇ ਪਰਕਾਸ਼ ਤੇ ਜ਼ੋਰ ਦਿੰਦੀ ਹੈ।

ਇਸ ਸਮੇਂ ਤੇ - **ਮਿਸਰ ਦੇਸ ਤੋਂ ਨਿੱਕਲਣ ਦੇ ਪਿੱਛੋਂ ਦੂਜੇ ਵਰਹੇ ਦੇ ਦੂਜੇ ਮਹੀਨੇ ਦੇ ਪਹਿਲੇ ਦਿਨ** - ਇਸਰਾਏਲੀ ਲੋਕ ਹਾਲੇ ਵੀ **ਸੀਨਈ ਦੀ ਉਜਾੜ ਵਿੱਚ** ਡੇਰਾ ਲਾਈ ਬੈਠੇ ਸਨ। ਉਨ੍ਹਾਂ ਨੂੰ ਉੱਥੇ ਰਹਿੰਦੇ ਲਗਭਗ ਇਕ ਵਰਹਾ ਹੋ ਗਿਆ ਸੀ। ਉਸ ਸਮੇਂ ਦੌਰਾਨ, ਪਰਮੇਸ਼ੁਰ ਨੇ ਉਨ੍ਹਾਂ ਨੂੰ ਆਪਣੀ ਵਿਵਸਥਾ ਦਿੱਤੀ ਸੀ ਅਤੇ ਉਨ੍ਹਾਂ ਨੇ ਡੇਹਰਾ ਜਾਂ **ਮੰਡਲੀ ਦਾ ਤੰਬੂ** ਬਣਾਇਆ ਸੀ। ਅੱਤ ਪਵਿੱਤਰ ਅਸਥਾਨ ਵਿਚ, ਯਹੋਵਾਹ ਆਪਣੀ ਪਰਜਾ ਦੇ ਨਾਲ ਰਹਿੰਦਾ ਸੀ। ਹੁਣ ਸਮਾਂ ਆ ਗਿਆ ਸੀ ਕਿ ਉਹ ਵਾਅਦੇ ਦੀ ਧਰਤੀ ਵੱਲ ਅੱਗੇ ਨੂੰ ਵੱਧਦੇ। ਇਸਰਾਏਲ ਦੇ ਇਤਹਾਸ ਵਿਚ ਇਸ ਮੌਕੇ ਤੇ, ਪਰਮੇਸ਼ੁਰ ਨੇ ਮੂਸਾ ਨੂੰ ਲੋਕਾਂ ਨੂੰ ਸਫ਼ਰ ਦੇ ਲਈ ਤਿਆਰ ਕਰਨ ਵਾਸਤੇ ਕੁਝ ਹਦਾਇਤਾਂ ਦਿੱਤੀਆਂ।

**ਆਇਤਾਂ 2, 3.** ਗਿਣਤੀ ਦੀ ਪੁਸਤਕ ਵਿਚ ਮੂਸਾ ਨੂੰ ਪਹਿਲੀ ਹਦਾਇਤ ਵਿਚ ਲੋਕਾਂ ਦੀ ਗਿਣਤੀ ਕਰਨਾ ਸ਼ਾਮਲ ਸੀ। ਇਸਰਾਏਲੀਆਂ ਦੇ ਮਿਸਰ ਵਿੱਚੋਂ ਬਾਹਰ ਆਓਣ ਤੋਂ ਬਾਅਦ ਦੂਜੇ ਵਰਹੇ ਦੇ ਪਹਿਲੇ ਮਹੀਨੇ ਦੇ ਪਹਿਲੇ ਦਿਨ ਡੇਹਰੇ ਨੂੰ ਖੜਾ ਕੀਤਾ ਗਿਆ ਸੀ (ਕੂਚ 40:17)। **ਇਸਰਾਏਲੀਆਂ ਦੀ ਸਾਰੀ ਮੰਡਲੀ ਦੀ ਗਿਣਤੀ ਕਰਨ ਦੇ ਲਈ** ਪਰਮੇਸ਼ੁਰ ਦਾ ਹੁਕਮ ਉਸ

ਮਹੱਤਵਪੂਰਣ ਘਟਨਾ ਤੋਂ ਇਕ ਮਹੀਨੇ ਬਾਅਦ ਦਿੱਤਾ ਗਿਆ ਸੀ। "ਗਿਣਤੀ ਕਰ" ਇਬਰਾਨੀ ਮੁਹਾਵਰੇ "ਸਿਰ ਨੂੰ ਉੱਚਾ ਕਰ" (ਘੱਕ੍ਰ-ਨ੍ਹ ਅਘੁ, *ਸੀ ਯੁ ਏਥ-ਰੋਸ਼)* ਦਾ ਅਨੁਵਾਦ ਕਰਦਾ ਹੈ, ਜਿਸ ਦਾ ਇਸ ਸੰਦਰਭ ਵਿਚ ਅਰਥ ਹੈ "ਇਕ ਇਕ ਸਿਰ ਦੀ ਗਿਣਤੀ ਕਰ।"

ਮੂਸਾ ਅਤੇ ਹਾਰੂਨ ਨੇ ਇਸਰਾਏਲ ਦੇ **ਸਾਰੇ ਨਰਾਂ** ਦੀ ਗਿਣਤੀ ਕਰਨੀ ਸੀ, ਉਨ੍ਹਾਂ ਦੀ ਗਿਣਤੀ ਜਿਹੜੇ **ਵੀਹ ਵਰਿਹਾਂ ਦੇ ਯਾ ਉੱਪਰ ਦੇ** ਸਨ। ਇਹ ਇਕ ਫੌਜੀ ਗਿਣਤੀ ਸੀ ਜਿਸ ਵਿਚ ਔਰਤਾਂ, ਬੱਚਿਆਂ ਅਤੇ ਪਰਦੇਸੀਆਂ ਨੂੰ ਸ਼ਾਮਲ ਨਹੀਂ ਸੀ ਕੀਤਾ ਗਿਆ। ਇਸ ਤੋਂ ਇਲਾਵਾ, ਇਸ ਸਮੇਂ ਤੇ ਲੇਵੀਆਂ ਦੀ ਗਿਣਤੀ ਨਹੀਂ ਸੀ ਕੀਤੀ ਗਈ ਕਿਉਂਕਿ ਉਨ੍ਹਾਂ ਨੂੰ ਜੁੱਧਾਂ ਵਿਚ ਲੜਨ ਦੀ ਲੋੜ ਨਹੀਂ ਸੀ (1:47-53)। ਮਨੁੱਖ ਜਿਹੜੇ **ਜੁੱਧ ਲਈ ਨਹੀਂ ਨਿੱਕਲਦੇ ਸਨ**, ਭਾਵੇਂ ਉਹ ਬਜ਼ੁਰਗ ਜਾਂ ਅਪਾਹਜ ਹੋਣ, ਉਨ੍ਹਾਂ ਨੂੰ ਗਿਣਤੀ ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ।

ਜੁੱਧ ਕਰਨ ਤੋਂ ਪਹਿਲਾਂ ਗਿਣਤੀ ਕਰਨਾ ਇਕ ਆਮ ਗੱਲ ਸੀ (26:2; 2 ਇਤਹਾਸ 25:5)। ਇਸ ਸਥਿਤੀ ਵਿਚ, ਮਨੁੱਖਾਂ ਦੀ ਗਿਣਤੀ **ਉਨ੍ਹਾਂ ਦੇ ਟੱਬਰਾਂ ਅਤੇ ਉਨ੍ਹਾਂ ਦੇ ਪਿਤ੍ਰਾਂ ਦੇ ਘਰਾਣਿਆਂ** ਦੁਆਰਾ ਕੀਤੀ ਗਈ ਸੀ। ਇਸ ਭਾਸ਼ਾ ਦਾ ਅਰਥ ਇਹ ਹੈ ਕਿ ਇਸਰਾਏਲ ਦੀ ਸੈਨਾ ਪਰਿਵਾਰਕ ਇਕਾਈਆਂ ਦੇ ਅਨੁਸਾਰ ਸੰਗਠਤ ਹੋਵੇਗੀ, ਜਿਸ ਵਿਚ ਹਰੇਕ ਸਿਪਾਹੀ ਆਪਣੇ ਰਿਸ਼ਤੇਦਾਰਾਂ ਦੇ ਨਾਲ ਮਿਲ ਕੇ ਜੁੱਧ ਲੜੇਗਾ। ਪਰਿਵਾਰਕ ਸੰਬੰਧ ਸੈਨਾਂ ਨੂੰ ਮਜ਼ਬੂਤੀ ਨਾਲ ਲੜਨ ਦੀ ਪ੍ਰੇਰਣਾ ਦੇਣਗੇ।

**ਆਇਤ 4.** ਗਿਣਤੀ ਕਰਨ ਵਿਚ ਮੂਸਾ ਅਤੇ ਹਾਰੂਨ ਦੀ ਮਦਦ ਕਰਨ ਦੇ ਲਈ, ਪਰਮੇਸ਼ੁਰ ਨੇ **ਇੱਕ ਇੱਕ ਗੋਤ ਦੇ ਇੱਕ ਮਨੁੱਖ ਨੂੰ ਜਿਹੜਾ ਆਪਣੇ ਪਿਤ੍ਰਾਂ ਦੇ ਘਰਾਣੇ ਵਿੱਚ ਮੁਖੀਆ ਹੈ** ਨਿਯੁਕਤ ਕੀਤਾ ਸੀ। ਉਨ੍ਹਾਂ ਦੇ ਕੰਮ ਦਾ ਸੁਭਾਅ ਮੰਗ ਕਰਦਾ ਸੀ ਕਿ ਇਹ ਨੁਮਾਇੰਦੇ ਪੜ੍ਹੇ ਲਿਖੇ ਹੋਣ; ਇਸ ਵਿਚ ਕੋਈ ਸ਼ੱਕ ਨਹੀਂ ਹੈ ਕਿ ਉਨ੍ਹਾਂ ਨੇ ਮੂਸਾ ਨੂੰ ਆਪਣੀਆਂ ਖੋਜਾਂ ਦਾ ਲਿਖਤੀ ਦਸਤਾਵੇਜ਼ ਦਿੱਤਾ ਸੀ।[2]

## ਬਾਰਾਂ ਗੋਤਾਂ ਦੇ ਆਗੂ (1:5-16)

**5ਅਰ ਉਨ੍ਹਾਂ ਮਨੁੱਖਾਂ ਦੇ ਨਾਉਂ ਜਿਹੜੇ ਤੁਹਾਡੇ ਨਾਲ ਖੜੇ ਹੋਣਗੇ ਏਹ ਹਨ, ਰਊਬੇਨ ਲਈ**
**ਸ਼ਦੇਊਰ ਦਾ ਪੁੱਤ੍ਰ ਅਲੀਸੂਰ 6ਸ਼ਿਮਓਨ ਲਈ ਸੂਰੀਸ਼ਦਾਈ ਦਾ ਪੁੱਤ੍ਰ ਸ਼ਲੁਮੀਏਲ 7ਯਹੂਦਾਹ ਲਈ**
**ਅੰਮੀਨਾਦਾਬ ਦਾ ਪੁੱਤ੍ਰ ਨਹਸ਼ੋਨ 8ਯਿੱਸਾਕਾਰ ਲਈ ਸੂਆਰ ਦਾ ਪੁੱਤ੍ਰ ਨਥਨਿਏਲ 9ਜ਼ਬੂਲੁਨ ਲਈ**
**ਹੇਲੋਨ ਦਾ ਪੁੱਤ੍ਰ ਅਲੀਆਬ 10ਯੂਸੁਫ਼ ਦੇ ਪੁੱਤ੍ਰਾਂ ਵਿੱਚੋਂ ਅਫ਼ਰਈਮ ਲਈ ਅੰਮੀਹੂਦ ਦਾ ਪੁੱਤ੍ਰ**
**ਅਲੀਸ਼ਾਮਾ। ਮਨੱਸ਼ਹ ਲਈ ਪਦਾਹਸੂਰ ਦਾ ਪੁੱਤ੍ਰ ਗਮਲੀਏਲ। 11ਬਿਨਯਾਮੀਨ ਲਈ ਗਿਦਓਨੀ**
**ਦਾ ਪੁੱਤ੍ਰ ਅਬੀਦਾਨ। 12ਦਾਨ ਲਈ ਅੰਮੀਸ਼ਾਦਾਈ ਦਾ ਪੁੱਤ੍ਰ ਅਹੀਅਜ਼ਰ। 13ਆਸ਼ੇਰ ਲਈ**
**ਆਕਰਾਨ ਦਾ ਪੁੱਤ੍ਰ ਪਗੀਏਲ। 14ਗਾਦ ਲਈ ਦਊਏਲ ਦਾ ਪੁੱਤ੍ਰ ਅਲਯਾਸਾਫ਼ 15ਨਫ਼ਤਾਲੀ ਲਈ**
**ਏਨਾਨ ਦਾ ਪੁੱਤ੍ਰ ਅਹੀਰਾ। 16ਏਹ ਮੰਡਲੀ ਤੋਂ ਸੱਦੇ ਹੋਏ ਆਪਣੇ ਪਿਉ ਦਾਦਿਆਂ ਦਿਆਂ ਗੋਤਾਂ ਵਿੱਚ**
**ਪਰਧਾਨ ਸਨ ਅਤੇ ਏਹ ਇਸਰਾਏਲੀਆਂ ਵਿੱਚ ਹਜ਼ਾਰਾਂ ਦੇ ਸਰਦਾਰ ਸਨ।**

**ਆਇਤਾਂ 5-9.** ਮੂਸਾ ਅਤੇ ਹਾਰੂਨ ਦੀ ਮਦਦ ਬਾਰਾਂ **ਮਨੁੱਖਾਂ** ਅਰਥਾਤ ਇਸਰਾਏਲ ਦੇ ਬਾਰਾਂ ਗੋਤਾਂ ਵਿੱਚੋਂ ਹਰੇਕ ਮਨੁੱਖ ਦੁਆਰਾ ਕੀਤੀ ਜਾਣੀ ਸੀ। ਉਨ੍ਹਾਂ ਦੇ **ਨਾਉਂ** ਉਨ੍ਹਾਂ ਗੋਤਾਂ ਦੇ ਨਾਵਾਂ ਦੇ ਨਾਲ ਦਿੱਤੇ ਗਏ ਸਨ ਜਿਨ੍ਹਾਂ ਦੀ ਉਹ ਨੁਮਇੰਦਗੀ ਕਰਦੇ ਸਨ। ਇਨ੍ਹਾਂ ਵਿੱਚੋਂ ਜ਼ਿਆਦਾਤਰ ਮਨੁੱਖਾਂ ਦੇ ਨਾਉਂ, ਨਾਲੇ ਉਨ੍ਹਾਂ ਦੇ ਪਿੱਤ੍ਰਾਂ ਦੇ ਨਾਉਂ ਦੇ ਨਾਲ "ਪਰਮੇਸ਼ੁਰ ਦਾ ਨਾਉਂ" ਲੱਗਦਾ ਹੈ - ਅਰਥਾਤ, ਉਹ ਉਨ੍ਹਾਂ ਯੋਜਕਾਂ ਨਾਲ ਬਣਾਇਆ ਗਿਆ ਹੈ ਜਿਨ੍ਹਾਂ ਵਿਚ ਪਰਮੇਸ਼ੁਰ ਦੇ ਲਈ ਸ਼ਬਦ

ਸ਼ਾਮਲ ਹਨ। ਉਦਾਹਰਣ ਦੇ ਲਈ, אֵל *(ਏਲ)* ਦਾ ਅਰਥ "ਮਜ਼ਬੂਤ ਵਿਅਕਤੀ" ਅਤੇ שַׁדַּי *(ਸ਼ਦੇ)* ਦਾ ਅਰਥ ਹੈ "ਸਰਬ-ਸ਼ਕਤੀਮਾਨ," ਜਦ ਕਿ אָב *(ਅਬ)* ਪਰਮੇਸ਼ੁਰ ਨੂੰ "ਪਿਤਾ" ਵਜੋਂ ਦੱਸਦਾ ਹੈ।[3] ਪੁਰਾਣੇ ਯਹੂਦੀ ਵਿਅਕਤੀਗਤ ਨਾਵਾਂ ਵਿਚ, עַם *(ਐਮ)* ਜਿਸ ਦਾ ਸ਼ਾਬਦਿਕ ਤੌਰ ਤੇ ਅਰਥ "ਪਿਤਾ ਦਾ ਭਰਾ" ਹੁੰਦਾ ਹੈ ਕਈ ਵਾਰ "... ਪਰਮੇਸ਼ੁਰ ਦੇ ਨਾਉਂ ਦੇ ਤੱਤ ਦੇ ਰੂਪ ਵਿਚ ਕੰਮ ਕਰਦਾ ਹੈ।"[4] ਦਰਅਸਲ, ਬਹੁਤ ਸਾਰੇ ਨਾਮ ਜਿਹੜੇ ਪ੍ਰਾਚੀਨ ਮਸੋਪੋਤਾਮੀਆ ਵਿਚ ਇਸਰਾਏਲ ਦੇ ਆਲੇ-ਦੁਆਲੇ ਦੀਆ ਕੌਮਾਂ ਤੋਂ ਜਾਣੇ ਗਏ ਸਨ ਉਨ੍ਹਾਂ ਵਿਚ ਉਨ੍ਹਾਂ ਦੇ ਦੇਵਤਿਆਂ ਦੇ ਨਾਮ ਸਨ।

ਨੁਮਾਇੰਦਿਆਂ ਨੂੰ ਉਨ੍ਹਾਂ ਦੇ ਗੋਤਾਂ ਦੇ ਅਨੁਸਾਰ ਪਛਾਣਿਆ ਗਿਆ ਹੈ। ਸੂਚੀ ਉਨ੍ਹਾਂ ਗੋਤਾਂ ਨਾਲ ਸ਼ੁਰੂ ਹੁੰਦੀ ਹੈ ਜਿਹੜੇ ਯਾਕੂਬ ਅਤੇ ਉਸ ਦੀ ਪਤਨੀ ਲੇਆਹ ਤੋਂ ਆਏ ਸਨ (ਉਤਪਤ 29:31-35; 30:18-20; 35:23)। ਉਹ ਜਨਮ ਦੀ ਤਰਤੀਬ ਵਿਚ ਹਨ, ਪਰ ਜਾਜਕਾਈ ਗੋਤ, ਲੇਵੀ ਨੂੰ ਛੱਡ ਦਿੱਤਾ ਗਿਆ ਹੈ। ਲੇਵੀ ਨੂੰ ਪਰਮੇਸ਼ੁਰ ਦੀ ਸੇਵਾ ਦੇ ਲਈ ਅਲੱਗ ਕੀਤਾ ਗਿਆ ਸੀ ਅਤੇ ਉਸ ਨੂੰ ਧਰਤੀ ਦਾ ਹਿੱਸਾ ਨਹੀਂ ਸੀ ਮਿਲਿਆ ਜਦੋਂ ਇਸਰਾਏਲੀ ਕਨਾਨ ਦੇ ਵਿਚ ਦਾਖ਼ਲ ਹੋਏ।

**ਸ਼ਦੇਊਰ** ("*ਸ਼ਦੇ* ਇਕ ਲਾਟ ਹੈ") **ਦਾ ਪੁੱਤ੍ਰ ਅਲੀਸੂਰ** ("ਮੇਰਾ ਪਰਮੇਸ਼ੁਰ ਇਕ ਚਟਾਨ ਹੈ"[5]) **ਰਊਬੇਨ** ਦੇ ਗੋਤ ਦੀ ਨੁਮਾਇੰਦਗੀ ਕਰਦਾ ਸੀ।

**ਸੂਰੀਸ਼ਦਾਈ** ("ਮੇਰੀ ਚਟਾਨ ਮੇਰਾ *ਸ਼ਦੇ*") **ਦਾ ਪੁੱਤ੍ਰ ਸ਼ਲੁਮੀਏਲ** ("ਮੇਰੀ ਸ਼ਾਂਤੀ ਪਰਮੇਸ਼ੁਰ ਹੈ") **ਸ਼ਿਮਓਨ** ਦੇ ਗੋਤ ਵਿੱਚੋਂ ਸੀ।

**ਅੰਮੀਨਾਦਾਬ ਦਾ ਪੁੱਤ੍ਰ ਨਹਸ਼ੋਨ** ("ਮੇਰਾ ਛੁਡਾਉਣ ਵਾਲਾ [ਪਰਮੇਸ਼ੁਰ] ਭਲਾ ਹੈ"), **ਯਹੂਦਾਹ** ਲਈ ਚੁਣਿਆ ਗਿਆ ਸੀ। ਅੰਮੀਨਾਦਾਬ ਹਾਰੂਨ ਦੀ ਪਤਨੀ ਅਲੀਸਬਾ ਦਾ ਪਿਤਾ ਸੀ (ਕੂਚ 6:23)। ਉਸ ਦਾ ਅਤੇ ਉਸ ਦੇ ਪੁੱਤਰ ਨਹਸ਼ੋਨ ਦੋਹਾਂ ਦਾ ਨਾਮ ਦਾਊਦ ਅਤੇ ਇਸ ਲਈ ਯਿਸੂ ਮਸੀਹ ਦੇ ਪੂਰਵਜਾਂ ਵਜੋਂ ਰੱਖਿਆ ਗਿਆ ਸੀ (ਰੂਥ 4:20; 1 ਇਤਹਾਸ 2:10, 11; ਮੱਤੀ 1:4; ਲੂਕਾ 3:32, 33)।

**ਸੂਆਰ ਦਾ ਪੁੱਤ੍ਰ ਨਥਨਿਏਲ** ("ਪਰਮੇਸ਼ੁਰ ਨੇ ਦਿੱਤਾ ਹੈ") **ਯਿੱਸਾਕਾਰ** ਦੇ ਗੋਤ ਦੇ ਲਈ ਨਿਯੁਕਤ ਕੀਤਾ ਗਿਆ ਸੀ।

**ਹੇਲੋਨ ਦੇ ਪੁੱਤ੍ਰ ਅਲੀਆਬ** ("ਮੇਰਾ ਪਰਮੇਸ਼ੁਰ ਪਿਤਾ ਹੈ") ਨੇ **ਜ਼ਬੂਲੁਨ** ਦੇ ਗੋਤ ਦੀ ਖ਼ਾਤਰ ਕੰਮ ਕੀਤਾ ਸੀ।

**ਆਇਤਾਂ 10, 11.** ਸੂਚੀ ਵਿਚ ਅਗਲੇ ਮਨੁੱਖ ਜੋ ਦਰਸਾਏ ਗਏ ਹਨ ਯਾਕੂਬ ਅਤੇ ਉਸ ਦੀ ਪਤਨੀ ਰਾਖੇਲ ਵਿੱਚੋਂ ਆਏ ਸਨ (ਉਤਪਤ 30:22-24; 35:16-18, 24)। ਉਨ੍ਹਾਂ ਦੇ ਪੁੱਤਰ **ਯੂਸੁਫ਼** ਦਾ ਜ਼ਿਕਰ ਕੀਤਾ ਗਿਆ ਸੀ ਅਤੇ ਫਿਰ ਉਸ ਦੇ ਦੋ ਪੁੱਤਰਾਂ, **ਅਫ਼ਰਈਮ** ਅਤੇ **ਮਨੱਸ਼ਹ** ਦਾ। ਦੋ ਗੋਤਾਂ ਵਿਚ ਯੁਸੁਫ਼ ਦੀ ਅੰਸ ਦੀ ਵੰਡ ਨੇ ਲੇਵੀ ਦੀ ਗਿਣਤੀ ਨਾ ਕਰਨ ਦੀ ਘਾਟ ਨੂੰ ਪੂਰਾ ਕਰ ਦਿੱਤਾ ਸੀ; ਇਸਰਾਏਲ ਦੇ ਗੋਤਾਂ ਦੀ ਗਿਣਤੀ ਬਾਰਾਂ ਦੀ ਬਾਰਾਂ ਰਹਿ ਗਈ ਸੀ। ਨਤੀਜੇ ਵਜੋਂ, ਯੂਸੁਫ਼ ਦੀ ਅੰਸ ਨੂੰ ਧਰਤੀ ਦਾ ਦੁਗਣਾ ਹਿੱਸਾ ਮਿਲਿਆ। ਇਹ ਯਾਕੂਬ ਦੁਆਰਾ ਅਫ਼ਰਈਮ ਅਤੇ ਮਨੱਸ਼ਹ ਨੂੰ ਗੋਦ ਲੈਣ (ਉਤਪਤ 48:1-22) ਨਾਲੇ ਉਸ ਵੱਡੀ ਬਰਕਤ ਦੇ ਅਨੁਸਾਰ ਸੀ ਜੋ ਉਸ ਨੇ ਯੂਸੁਫ਼ ਨੂੰ ਦਿੱਤੀ ਸੀ (ਉਤਪਤ 49:22-26)। ਯੂਸੁਫ਼ ਦੇ ਇਨ੍ਹਾਂ ਦੋਹਾਂ ਪੁੱਤਰਾਂ ਦੀ ਮਾਂ ਆਸਨਥ ਸੀ ਜੋ ਇਕ ਮਿਸਰੀ ਔਰਤ ਸੀ। ਉਨ੍ਹਾਂ ਨੂੰ ਗੋਦ ਲੈਣ ਦੇ ਰਾਹੀਂ, ਯਾਕੂਬ ਨੇ ਉਨ੍ਹਾਂ ਨੂੰ ਆਪਣੀ ਬਾਕੀ ਦੀ ਸੰਤਾਨ ਦੇ ਬਰਾਬਰ ਰੱਖਿਆ ਸੀ (ਵੇਖੋ ਉਤਪਤ 48:5)।[6]

**ਅੰਮੀਹੂਦ** ("ਮੇਰਾ ਛੁਡਾਉਣ ਵਾਲਾ [ਪਰਮੇਸ਼ੁਰ] ਰਾਜਾ ਹੈ") **ਦਾ ਪੁੱਤ੍ਰ ਅਲੀਸ਼ਾਮਾ** ("ਮੇਰੇ

ਪਰਮੇਸ਼ੁਰ ਨੇ ਸੁਣ ਲਿਆ ਹੈ"), ਅਫ਼ਰਈਮ ਦੇ ਗੋਤ ਨੂੰ ਦਰਸਾਉਂਦਾ ਸੀ। ਅਲੀਸ਼ਾਮਾ ਅਤੇ ਅੰਮੀਹੂਦ ਦੋਵੇਂ ਯਹੋਸ਼ੁਆ ਦੀ ਵੰਸ਼ਾਵਲੀ ਵਿਚ ਮਿਲਦੇ ਹਨ (1 ਇਤਹਾਸ 7:26, 27)।

**ਪਦਾਹਸੂਰ** ("ਚਟਾਨ [ਪਰਮੇਸ਼ੁਰ] ਨੇ ਮੈਨੂੰ ਮੁੱਲ ਦੇ ਕੇ ਛੁਡਾਇਆ ਹੈ) **ਦਾ ਪੁੱਤਰ ਗਮਲੀਏਲ** ("ਪਰਮੇਸ਼ੁਰ ਦਾ ਇਨਾਮ") ਮਨੱਸ਼ਹ ਵੱਲੋਂ ਚੁਣਿਆ ਗਿਆ ਸੀ।

ਯਾਕੂਬ ਅਤੇ ਰਾਖੇਲ ਦਾ ਹੋਰ ਪੁੱਤਰ **ਬਿਨਯਾਮੀਨ** ਸੀ; ਰਾਖੇਲ ਮਰ ਗਈ ਜਦੋਂ ਜਦੋਂ ਉਸ ਨੇ ਉਹ ਨੂੰ ਜਨਮ ਦਿੱਤਾ (ਉਤਪਤ 35:16-20)। **ਗਿਦਓਨੀ** ("[ਪਰਮੇਸ਼ੁਰ] ਮੈਨੂੰ ਤਰਾਸ਼ਣ ਵਾਲਾ ਹੈ) **ਦੇ ਪੁੱਤ੍ਰ ਅਬੀਦਾਨ** ("ਮੇਰਾ ਪਿਤਾ [ਪਰਮੇਸ਼ੁਰ] ਨਿਆਈ ਹੈ") ਨੇ ਬਿਨਯਾਮੀਨ ਦੇ ਗੋਤ ਦੀ ਖ਼ਾਤਰ ਕੰਮ ਕੀਤਾ ਸੀ।

**ਆਇਤਾਂ 12-15.** ਸੂਚੀ ਵਿਚ ਬਾਕੀ ਰਹਿੰਦੇ ਗੋਤ ਯਾਕੂਬ ਦੇ ਪੁੱਤਰਾਂ ਤੋਂ ਰਾਖੇਲ ਦੀ ਗੋੱਲੀ ਬਿਲਹਾਹ (ਉਤਪਤ 30:5-8; 35:25) ਅਤੇ ਲੇਆਹ ਦੀ ਗੋੱਲੀ ਜਿਲਫਾਹ (ਉਤਪਤ 30:9-13; 35:26) ਦੇ ਰਾਹੀਂ ਪੈਦਾ ਹੋਏ ਸਨ। ਇਹ ਪੁੱਤਰ ਜਾਇਜ਼ ਪਤਨੀ - ਜਾਂ ਤਾਂ ਰਾਖੇਲ ਜਾਂ ਲੇਆਹ - ਦੇ ਗੋਡਿਆਂ ਤੇ ਪੈਦਾ ਹੋਏ ਹੋਣਗੇ ਜਿਸ ਨੇ ਉਨ੍ਹਾਂ ਨੂੰ ਜਾਇਜ਼ ਵਾਰਸ ਬਣਾਇਆ ਹੋਵੇਗਾ (ਵੇਖੋ ਉਤਪਤ 30:3)। ਇਨ੍ਹਾਂ ਆਇਤਾਂ ਵਿਚ, ਗੋਤਾਂ ਨੂੰ ਉਤਪਤ ਵਿਚ ਪਾਏ ਜਾਣ ਵਾਲੇ ਪੁੱਤਰਾਂ ਦੇ ਜਨਮ ਦੇ ਕ੍ਰਮ ਵਿਚ ਸੂਚੀਬੱਧ ਨਹੀਂ ਕੀਤਾ ਗਿਆ ਹੈ।

**ਅੰਮੀਸ਼ਦਾਈ** ("ਮੇਰਾ ਛੁਡਾਉਣ ਵਾਲਾ [ਪਰਮੇਸ਼ੁਰ] *ਸ਼ਦੇ* ਹੈ") **ਦਾ ਪੁੱਤ੍ਰ ਅਹੀਅਜ਼ਰ** ("ਮੇਰਾ ਭਰਾ [ਪਰਮੇਸ਼ੁਰ] ਮਦਦ ਹੈ"), **ਦਾਨ** ਦੇ ਗੋਤ ਵਿੱਚੋਂ ਸੀ।

**ਆਕਰਾਨ ਦਾ ਪੁੱਤ੍ਰ ਪਗੀਏਲ** ("ਪਰਮੇਸ਼ੁਰ ਨਾਲ ਟਾਕਰਾ"), **ਆਸ਼ੇਰ** ਦੇ ਗੋਤ ਵਿੱਚੋਂ ਚੁਣਿਆ ਗਿਆ ਸੀ।

**ਦਊਏਲ** ("ਪਰਮੇਸ਼ੁਰ ਨੂੰ ਜਾਣ!") **ਦਾ ਪੁੱਤ੍ਰ ਅਲਯਾਸਾਫ਼** ("ਪਰਮੇਸ਼ੁਰ ਨੇ ਜੋੜਿਆ ਹੈ") **ਗਾਦ** ਦੇ ਗੋਤ ਨੂੰ ਦਰਸਾਉਂਦਾ ਸੀ।

**ਏਨਾਨ ਦਾ ਪੁੱਤ੍ਰ ਅਹੀਰਾ** ("ਮੇਰਾ ਭਰਾ [ਪਰਮੇਸ਼ੁਰ] ਬਿਪਤਾ ਹੈ") **ਨਫ਼ਤਾਲੀ** ਦੇ ਗੋਤ ਵਿੱਚੋਂ ਸੀ।

**ਆਇਤ 16.** ਗਿਣਤੀ ਕਰਨ ਦੇ ਲਈ ਮੂਸਾ ਦੀ ਮਦਦ ਕਰਨ ਵਾਸਤੇ ਜਿਹੜੇ ਮਨੁੱਖ ਨਿਯੁਕਤ ਕੀਤੇ ਗਏ ਸਨ **ਪਿਉ ਦਾਦਿਆਂ ਦਿਆਂ ਗੋਤਾਂ ਵਿੱਚ ਪਰਧਾਨ ਅਤੇ ਇਸਰਾਏਲੀਆਂ ਵਿੱਚ ਹਜ਼ਾਰਾਂ ਦੇ ਸਰਦਾਰ ਸਨ।** "ਪਰਧਾਨ" (נָשִׂיא, *ਨਾਸੀ)* ਜਾਂ "ਰਾਜ ਕੁਮਾਰ" (KJV) ਰਾਜੇ ਜਾਂ ਸ਼ੇਖ ਦਾ ਹਵਾਲਾ ਦੇ ਸਕਦਾ ਸੀ। ਇਹ ਇਬਰਾਨੀ ਨਾਂਵ ਪੁਰਾਣੇ ਨੇਮ ਵਿਚ ਲਗਭਗ 130 ਵਾਰ ਆਉਂਦਾ ਹੈ, ਸਭ ਤੋਂ ਜ਼ਿਆਦਾ ਗਿਣਤੀ ਅਤੇ ਹਿਜ਼ਕੀਏਲ ਵਿਚ। ਹਿਜ਼ਕੀਏਲ ਦੀ ਨਬੂਵਤ ਵਿਚ, ਇਹ "ਨਵੇਂ ਦਾਊਦ ਦਾ ਵਿਸ਼ੇਸ਼ ਨਾਮ" ਬਣ ਗਿਆ ਅਤੇ "ਉਸ ਪਰਧਾਨ ਦੇ ਲਈ ਇਕ ਨਾਮ ਜਿਹੜਾ ਅੰਤ ਦਿਆਂ ਦਿਨਾਂ ਵਿਚ ਮੁਕਤੀ ਲਿਆਉਣ ਬਾਰੇ ਚਿੰਤਤ ਹੈ"[7] (ਹਿਜ਼ਕੀਏਲ 34:24; 37:25; 44:3-48:22)। ਗੋਤਾਂ ਦੇ "ਪਰਧਾਨ" ਸਮਾਜਕ ਅਤੇ ਧਾਰਮਿਕ ਗੱਲਾਂ ਵਿਚ ਸਮਾਜ ਦੇ ਥੰਮ੍ਹ ਸਨ।

ਇਨ੍ਹਾਂ ਮਨੁੱਖਾਂ ਅਤੇ ਉਨ੍ਹਾਂ ਦੇ ਗੋਤਾਂ ਦੇ ਬਾਰੇ ਵਿਰਤਾਂਤ ਵਿਚ ਤਿੰਨ ਵਾਰ ਹੋਰ ਲਿਖਿਆ ਗਿਆ ਹੈ: (1) ਜਦੋਂ ਪਰਮੇਸ਼ੁਰ ਨੇ ਉਜਾੜ ਵਿਚ ਮੂਸਾ ਨੂੰ ਡੇਰਾ ਲਾਉਣ ਸੰਬੰਧੀ ਹਦਾਇਤ ਦਿੱਤੀ ਸੀ (2:1-31); (2) ਜਦੋਂ ਬਾਰਾਂ ਗੋਤਾਂ ਨੇ ਡੇਹਰੇ ਦੀ ਚੱਠ ਦੇ ਲਈ ਭੇਟਾਂ ਚੜ੍ਹਾਈਆਂ ਸਨ (7:10-83) ਅਤੇ (3) ਜਦੋਂ ਇਸਰਾਏਲੀ ਲੋਕ ਸੀਨਈ ਤੋਂ ਕੂਚ ਕਰ ਗਏ (10:11-28)।[8] 10 ਅਧਿਆਇ ਤੋਂ ਬਾਅਦ, ਨੁਮਾਇੰਦਿਆਂ ਦੇ ਨਾਮ ਦੁਬਾਰਾ ਫੇਰ ਪੁਸਤਕ ਵਿਚ ਨਹੀਂ ਮਿਲਦੇ।

ਇਹ ਪਰਧਾਨ ਆਪਣੇ ਲੋਕਾਂ ਵਿਚ ਵੱਡੇ ਸੂਰਬੀਰ ਹੋਣਗੇ। ਦਰਅਸਲ, ਉਹ ਕਨਾਨ ਦੀ

ਜਿੱਤ ਵਿਚ ਮਹੱਤਵਪੂਰਣ ਭੂਮਿਕਾਵਾਂ ਨਿਭਾ ਸਕਦੇ ਹੋਣਗੇ। ਦੁੱਖ ਦੀ ਗੱਲ ਇਹ ਹੈ ਕਿ ਕਾਦੇਸ਼ ਵਿਚ ਇਸਰਾਏਲੀਆਂ ਦੀ ਬੇਪਰਤੀਤੀ ਦੇ ਕਾਰਣ (ਅਧਿਆਇ 13; 14), ਇਨ੍ਹਾਂ ਮਨੁੱਖਾਂ ਦੀ ਗਿਣਤੀ ਉਨ੍ਹਾਂ ਵਿਚ ਕੀਤੀ ਗਈ ਸੀ ਜਿਨ੍ਹਾਂ ਦਾ ਉਜਾੜ ਵਿਚ ਮਰਨਾ ਨਿਸ਼ਚਤ ਸੀ।[9]

ਇਸ ਸਮੇਂ ਤੇ, ਇਹ ਸਾਰੇ ਪਰਧਾਨ ਉਨ੍ਹਾਂ ਦੇ ਆਪਣੇ-ਆਪਣੇ ਗੋਤ ਵਿੱਚੋਂ ਗਿਣਤੀ ਇਕੱਠੀ ਕਰਕੇ ਮੂਸਾ ਅਤੇ ਹਾਰੂਨ ਕੋਲ ਲਿਆਉਣ ਦੇ ਲਈ ਜ਼ਿੰਮੇਵਾਰ ਸਨ। ਇਸ ਗਿਣਤੀ ਦਾ ਕਾਰਣ ਸਪੱਸ਼ਟ ਰੂਪ ਨਾਲ ਨਹੀਂ ਦੱਸਿਆ ਗਿਆ ਹੈ। ਪਰ, ਕਿਉਂਕਿ ਯਹੋਵਾਹ ਨੇ ਸਾਫ਼ ਦੱਸਿਆ ਸੀ ਕਿ ਜਿਨ੍ਹਾਂ ਦੀ ਗਿਣਤੀ ਕੀਤੀ ਜਾਣੀ ਸੀ ਉਹ "ਜੁੱਧ ਦੇ ਲਈ ਨਿੱਕਲਣ ਦੇ ਯੋਗ" ਹੋਣੇ ਸੀ ਅਤੇ ਕਿਉਂਕਿ ਮਨੁੱਖ "ਉਨ੍ਹਾਂ ਦੀਆਂ ਸੈਨਾਂ ਅਨੁਸਾਰ" ਗਿਣੇ ਜਾਣੇ ਸੀ (1:3), ਇਹ ਸਿੱਟਾ ਕੱਢਣਾ ਉਚਿਤ ਜਾਪਦਾ ਹੈ ਕਿ ਪਰਮੇਸ਼ੁਰ ਲੋਕਾਂ ਨੂੰ ਉਨ੍ਹਾਂ ਜੁੱਧਾਂ ਦੇ ਲਈ ਤਿਆਰ ਕਰ ਰਿਹਾ ਸੀ ਜੋ ਉਹ ਲੜਨਗੇ, ਉਜਾੜ ਵਿਚ ਅਤੇ ਉਨ੍ਹਾਂ ਦੀ ਕਨਾਨ ਦੀ ਜਿੱਤ ਦੋਹਾਂ ਵਿਚ। ਉਹ ਯਹੋਵਾਹ ਦੀ ਸੈਨਾ ਸਨ ਅਤੇ ਉਨ੍ਹਾਂ ਨੂੰ ਉਨ੍ਹਾਂ ਜੁੱਧਾਂ ਦੇ ਲਈ ਤਿਆਰੀਆਂ ਕਰਨ ਦੀ ਲੋੜ ਸੀ ਜਿਹੜੇ ਅੱਗੇ ਲੜੇ ਜਾਣ ਵਾਲੇ ਸਨ।

ਗਿਣਤੀ ਦੀ ਪੁਸਤਕ ਇਹ ਵੀ ਦੱਸਦੀ ਹੈ ਕਿ ਇਸਰਾਏਲ ਦੇ ਲੋਕਾਂ ਦੀ ਭੀੜ ਕਿੰਨੀ ਵੱਡੀ ਹੋ ਗਈ ਸੀ (ਵੇਖੋ *ਵਾਧੂ ਅਧਿਐਨ: ਵੱਡੀ ਮਰਦਮਸ਼ੁਮਾਰੀ ਦੀ ਗਿਣਤੀ*, ਸਫ਼ਾ 153)। ਸੱਤ੍ਰ ਪ੍ਰਾਣੀਆਂ ਦੇ ਪਰਿਵਾਰ ਤੋਂ (ਕੂਚ 1:5), ਉਹ ਵੱਧ ਕੇ ਦੋ ਲੱਖ ਲੋਕਾਂ ਤੋਂ ਵੀ ਵੱਧ ਲੋਕਾਂ ਦੀ ਇਕ ਕੌਮ ਬਣ ਗਏ ਅਤੇ ਪਰਮੇਸ਼ੁਰ ਦੇ ਉਸ ਵਾਅਦੇ ਨੂੰ ਪੂਰਾ ਕੀਤਾ ਜੋ ਪਰਮੇਸ਼ੁਰ ਨੇ ਅਬਰਾਹਾਮ ਨੂੰ ਦਿੱਤਾ ਸੀ ਕਿ ਮੈਂ ਤੇਰੀ ਅੰਸ ਨੂੰ "ਧਰਤੀ ਦੀ ਧੂੜ ਵਰਗੀ" ਅਤੇ "ਅਕਾਸ਼ ਦੇ ਤਾਰਿਆਂ ਜਿੰਨੀ" ਬਣਾਵਾਂਗਾ (ਉਤਪਤ 13:16; 22:17; ਵੇਖੋ 15:5; 17:6)।

## ਗਿਣਤੀ ਕੀਤੀ ਗਈ (1:17-46)

**17ਮੂਸਾ ਅਰ ਹਾਰੂਨ ਨੇ ਇਨ੍ਹਾਂ ਮਨੁੱਖਾਂ ਨੂੰ ਲਿਆ ਜਿਨ੍ਹਾਂ ਦੇ ਨਾਮਾਂ ਦਾ ਨਿਗਮਾਂ ਕੀਤਾ ਗਿਆ
ਹੈ। 18ਅਤੇ ਉਨ੍ਹਾਂ ਨੇ ਦੂਜੇ ਮਹੀਨੇ ਦੇ ਪਹਿਲੇ ਦਿਨ ਸਾਰੀ ਮੰਡਲੀ ਨੂੰ ਇਕੱਠਾ ਕੀਤਾ ਅਤੇ ਆਪਣੇ
ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਜਿਹੜੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ
ਓਹ ਸਿਰਾਂ ਪਰਤੀ ਆਪਣੇ ਨਾਮਾਂ ਤੋਂ ਗਿਣੇ ਗਏ। 19ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ
ਤਿਵੇਂ ਹੀ ਉਸ ਨੇ ਸੀਨਈ ਦੀ ਉਜਾੜ ਵਿੱਚ ਉਨ੍ਹਾਂ ਦੀ ਗਿਣਤੀ ਕੀਤੀ।**

**20ਇਸਰਾਏਲ ਦੇ ਪਲੋਠੇ ਰਊਬੇਨ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਆਪਣੇ ਪਿਤ੍ਰਾਂ
ਦੇ ਘਰਾਣਿਆਂ ਅਨੁਸਾਰ ਜਿੰਨੇ ਨਰ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ
ਨਿੱਕਲਦੇ ਸਨ ਓਹ ਸਭ ਸਿਰਾਂ ਪਰਤੀ ਆਪਣੇ ਨਾਮਾਂ ਤੋਂ ਗਿਣੇ ਗਏ। 21ਅਤੇ ਰਊਬੇਨ ਦੇ ਗੋਤ
ਦੇ ਗਿਣੇ ਹੋਏ ਛਤਾਲੀ ਹਜ਼ਾਰ ਪੰਜ ਸੌ ਸਨ।**

**22ਸ਼ਿਮਓਨ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਨਰ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ
ਸਨ ਓਹ ਸਭ ਸਿਰਾਂ ਪਰਤੀ ਆਪਣੇ ਨਾਮਾਂ ਤੋਂ ਗਿਣੇ ਸਨ। 23ਅਤੇ ਸ਼ਿਮਓਨ ਦੇ ਗੋਤ ਦੇ ਗਿਣੇ
ਹੋਏ ਉਣਾਹਟ ਹਜ਼ਾਰ ਤਿੰਨ ਸੌ ਸਨ।**

**24ਗਾਦ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣੇ ਨਾਮਾਂ ਤੋਂ ਗਿਣੇ ਗਏ। 25ਅਤੇ ਗਾਦ ਦੇ ਗੋਤ ਦੇ ਗਿਣੇ ਹੋਏ ਪੰਤਾਲੀ ਹਜ਼ਾਰ ਛੇ
ਸੌ ਪੰਜਾਹ ਸਨ।**

26ਯਹੂਦਾਹ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣੇ ਨਾਮਾਂ ਤੋਂ ਗਿਣੇ ਗਏ। 27ਅਤੇ ਯਹੂਦਾਹ ਦੇ ਗੋਤ ਦੇ ਗਿਣੇ ਹੋਏ ਚੁਹੱਤਰ ਹਜ਼ਾਰ
ਛੇ ਸੌ ਸਨ।
28ਯਿੱਸਾਕਾਰ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣੇ ਨਾਮਾਂ ਤੋਂ ਗਿਣੇ ਗਏ। 29ਅਤੇ ਯਿੱਸਾਕਾਰ ਦੇ ਗੋਤ ਦੇ ਗਿਣੇ ਹੋਏ ਚੁਰੰਜਾ ਹਜ਼ਾਰ
ਚਾਰ ਸੌ ਸਨ।
30ਜ਼ਬੂਲੁਨ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣੇ ਨਾਮਾਂ ਤੋਂ ਗਿਣੇ ਗਏ। 31ਅਤੇ ਜ਼ਬੂਲੁਨ ਦੇ ਗੋਤ ਦੇ ਗਿਣੇ ਹੋਏ ਸਤਵੰਜਾ ਹਜ਼ਾਰ
ਚਾਰ ਸੌ ਸਨ।
32ਯੂਸੁਫ਼ ਦੇ ਪੁੱਤ੍ਰ ਅਫ਼ਰਾਈਮ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ
ਦੇ ਘਰਾਣਿਆਂ ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ
ਨਿੱਕਲਦੇ ਸਨ ਓਹ ਸਭ ਆਪਣੇ ਨਾਮਾਂ ਤੋਂ ਗਿਣੇ ਗਏ। 33ਅਤੇ ਅਫ਼ਰਾਈਮ ਦੇ ਗੋਤ ਦੇ ਗਿਣੇ
ਹੋਏ ਚਾਲੀ ਹਜ਼ਾਰ ਪੰਜ ਸੌ ਸਨ।
34ਮਨੱਸ਼ਾਹ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣਿਆਂ ਨਾਮਾਂ ਤੋਂ ਗਿਣੇ ਗਏ। 35ਅਤੇ ਮਨੱਸ਼ਹ ਦੇ ਗੋਤ ਦੇ ਗਿਣੇ ਹੋਏ ਬੱਤੀ ਹਜ਼ਾਰ
ਦੋ ਸੌ ਸਨ।
36ਬਿਨਯਾਮੀਨ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ
ਘਰਾਣਿਆਂ ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ
ਨਿੱਕਲਦੇ ਸਨ ਓਹ ਸਭ ਆਪਣਿਆਂ ਨਾਮਾਂ ਤੋਂ ਗਿਣੇ ਗਏ। 37ਅਤੇ ਬਿਨਯਾਮੀਨ ਦੇ ਗੋਤ ਦੇ
ਗਿਣੇ ਹੋਏ ਪੈਂਤੀ ਹਜ਼ਾਰ ਚਾਰ ਸੌ ਸਨ।
38ਦਾਨ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣਿਆਂ ਨਾਮਾਂ ਤੋਂ ਗਿਣੇ ਗਏ। 39ਅਤੇ ਦਾਨ ਦੇ ਗੋਤ ਦੇ ਗਿਣੇ ਹੋਏ ਬਾਹਟ ਹਜ਼ਾਰ
ਸੱਤ ਸੌ ਸਨ।
40ਆਸ਼ੇਰ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣੇ ਨਾਮਾਂ ਤੋਂ ਗਿਣੇ ਗਏ। 41ਅਤੇ ਆਸ਼ੇਰ ਦੇ ਗੋਤ ਦੇ ਗਿਣੇ ਹੋਏ ਇੱਕਤਾਲੀ ਹਜ਼ਾਰ
ਪੰਜ ਸੌ ਸਨ।
42ਨਫਤਾਲੀ ਦੇ ਪੁੱਤ੍ਰਾਂ ਦੀ ਵੰਸਾਉਲੀ ਆਪਣੀਆਂ ਕੁਲਾਂ ਅਤੇ ਆਪਣੇ ਪਿਤ੍ਰਾਂ ਦੇ ਘਰਾਣਿਆਂ
ਅਨੁਸਾਰ ਜਿੰਨੇ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਨ ਸਾਰੇ ਜਿਹੜੇ ਜੁੱਧ ਲਈ ਨਿੱਕਲਦੇ ਸਨ
ਓਹ ਸਭ ਆਪਣਿਆਂ ਨਾਮਾਂ ਤੋਂ ਗਿਣੇ ਗਏ। 43ਅਤੇ ਨਫਤਾਲੀ ਦੇ ਗੋਤ ਦੇ ਗਿਣੇ ਹੋਏ ਤਰਵੰਜਾ
ਹਜ਼ਾਰ ਚਾਰ ਸੌ ਸਨ।
44ਏਹ ਓਹ ਜਿਹੜੇ ਗਿਣੇ ਗਏ ਸਨ ਜਿਨ੍ਹਾਂ ਨੂੰ ਮੂਸਾ ਅਰ ਹਾਰੂਨ ਅਰ ਇਸਰਾਏਲ ਦੇ

**ਬਾਰਾਂ ਪਰਧਾਨਾਂ ਨੇ ਗਿਣਿਆ ਓਹ ਆਪਣੇ ਆਪਣੇ ਪਿਤ੍ਰਾਂ ਦੇ ਘਰਾਣੇ ਲਈ ਸਨ। [45]ਸੋ ਓਹ ਸਾਰੇ ਜਿਹੜੇ ਇਸਰਾਏਲੀਆਂ ਵਿੱਚੋਂ ਆਪਣੇ ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਗਿਣੇ ਗਏ ਵੀਹ ਵਰਿਹਾਂ ਦੇ ਯਾ ਉੱਪਰ ਦੇ ਸਾਰੇ ਜਿਹੜੇ ਇਸਰਾਏਲੀਆਂ ਵਿੱਚੋਂ ਜੁੱਧ ਲਈ ਨਿੱਕਲਦੇ ਸਨ। [46]ਸਾਰੇ ਜਿਹੜੇ ਗਿਣੇ ਗਏ ਛੇ ਲੱਖ ਤਿੰਨ ਹਜ਼ਾਰ ਪੰਜ ਸੌ ਪੰਜਾਹ ਸਨ।**

**ਆਇਤਾਂ 17-19.** ਗਿਣਤੀ ਕਰਨ ਦੇ ਲਈ ਪਰਮੇਸ਼ੁਰ ਦੇ ਹੁਕਮ ਨੂੰ ਪ੍ਰਾਪਤ ਕਰਕੇ, **ਮੂਸਾ ਅਰ ਹਾਰੂਨ** ਨੇ ਉਸ ਹੁਕਮ ਦੀ ਪਾਲਣਾ ਕੀਤੀ। ਯੋਗ ਮਨੁੱਖਾਂ ਦੀ ਮਦਦ ਨਾਲ **ਜਿਨ੍ਹਾਂ ਦੇ ਨਾਮਾਂ ਦਾ ਨਿਗਮਾ ਕੀਤਾ ਗਿਆ ... ਉਨ੍ਹਾਂ ਨੇ ਸਾਰੀ ਮੰਡਲੀ ਨੂੰ ਇਕੱਠਾ ਕੀਤਾ** ਅਤੇ ਆਪਣੇ **ਪਿਤ੍ਰਾਂ ਦੇ ਘਰਾਣਿਆਂ ਅਨੁਸਾਰ ਨਾਮਾਂ ਤੋਂ ਗਿਣਿਆ।** ਉਨ੍ਹਾਂ ਨੇ ਹਰੇਕ ਮਨੁੱਖ ਨੂੰ ਜਿਹੜੇ **ਵੀਹ ਦੇ ਯਾ ਉੱਪਰ ਦੇ ਸਨ ਸਿਰਾਂ ਪਰਤੀ ਨਾਮਾਂ ਤੋਂ ਗਿਣਿਆ।**

ਆਗਿਆਕਾਰੀ ਜਿਹੜੀ ਡੇਰਹੇ ਨੂੰ ਬਣਾਉਣ ਦੀ ਵਿਸ਼ੇਸ਼ਤਾ ਨੂੰ ਦੱਸਦੀ ਸੀ (ਕੂਚ 39:1, 5, 21, 26, 29, 31, 32, 42, 43) ਡੇਹਰੇ ਦੇ ਸੰਪੂਰਣ ਹੋਣ ਤੋਂ ਬਾਅਦ ਵੀ ਜਾਰੀ ਰਹੀ। ਦਰਅਸਲ, ਪਰਮੇਸ਼ੁਰ ਦੇ ਵਚਨ ਦੇ ਪ੍ਰਤੀ ਮੂਸਾ ਅਤੇ ਇਸਰਾਏਲੀਆਂ ਦੀ ਸੰਪੂਰਣ ਆਗਿਆਕਾਰੀ ਗਿਣਤੀ 1-10 ਦਾ ਵਿਸ਼ਾ ਹੈ। ਉਨ੍ਹਾਂ ਨੇ **ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਕੀਤਾ** (ਵੇਖੋ 1:54; 2:33, 34; 3:16, 51; 4:41, 45, 49; 5:4; 9:23; 10:13)। ਗਿਣਤੀ ਦੀ ਪੁਸਤਕ ਦੱਸਦੀ ਹੈ ਕਿ ਇਸਰਾਏਲੀਆਂ ਨੇ ਅਕਸਰ ਪਾਪ ਕੀਤਾ ਸੀ, ਪਰ ਉਹ ਪਾਪ ਹਾਲੇ ਭਵਿੱਖ ਵਿਚ ਸਨ ਜਦੋਂ **ਸੀਨਈ ਦੀ ਉਜਾੜ ਵਿੱਚ** ਪਹਿਲੀ ਗਿਣਤੀ ਕੀਤੀ ਗਈ ਸੀ।

**ਆਇਤਾਂ 20-43.** ਤਰਤੀਬਵਾਰ, ਗਿਣਤੀ ਦੇ ਦੁਹਰਾਏ ਜਾਣ ਦੀ ਰਿਪੋਰਟ ਦਿੱਤੀ ਗਈ ਹੈ। **ਜਿਹੜੇ ਜੁੱਧ ਲਈ ਨਿੱਕਲਦੇ ਸਨ ਉਨ੍ਹਾਂ ਦੀ ਕੁਲਾਂ ਦੀ ਗਿਣਤੀ** ਦੇ ਨਤੀਜੇ ਹੇਠ ਲਿਖੇ ਸਨ:

| *ਗੋਤ* | *ਗਿਣਤੀ* |
|---|---|
| ਰਊਬੇਨ | 46,500 |
| ਸ਼ਿਮਓਨ | 59,300 |
| ਗਾਦ | 45,650 |
| ਯਹੂਦਾਹ | 74,600 |
| ਯਿੱਸਾਕਾਰ | 54,400 |
| ਜ਼ਬੂਲੁਨ | 57,400 |
| ਅਫ਼ਰਈਮ | 40,500 |
| ਮਨੱਸ਼ਾਹ | 32,200 |
| ਬਿਨਯਾਮੀਨ | 35,400 |
| ਦਾਨ | 62,700 |
| ਆਸ਼ੇਰ | 41,500 |
| ਨਫ਼ਤਾਲੀ | 53,400 |
| ਕੁੱਲ | 603,550 |

ਸੂਚੀ ਵਿਚ ਗਿਣਤੀ ਹਜ਼ਾਰਾਂ ਸੈਂਕੜੇ ਵਿਚ ਹੈ। ਸਿਵਾਏ ਗਾਦ ਦੇ ਗੋਤ ਤੋਂ, ਜਿਸ ਦੀ ਗਿਣਤੀ ਪੰਜਾਹ ਵਿਚ ਹੈ।

ਗੋਤਾਂ ਦੀ ਤਰਤੀਬ ਲਗਭਗ ਉਸੇ ਤਰਤੀਬ ਅਨੁਸਾਰ ਹੈ ਜੋ ਗੋਤਾਂ ਦੇ ਪਰਧਾਨਾਂ ਦੀ ਸੂਚੀ

ਵਿਚ ਹੈ (1:5-16)। ਇਸ ਵਾਰ ਫੇਰ, ਗਾਦ ਤੋਂ ਸਿਵਾਏ, ਜਿਸ ਨੂੰ ਰਊਬੇਨ ਅਤੇ ਸ਼ਿਮਓਨ ਤੋਂ ਪਿੱਛੇ ਅਤੇ ਯਹੂਦਾਹ ਤੋਂ ਪਹਿਲਾਂ ਰੱਖਿਆ ਗਿਆ ਹੈ। ਉਸ ਦਾ ਇਸ ਥਾਂ ਤੇ ਰੱਖਿਆ ਜਾਣਾ ਅਗਲੇ ਅਧਿਆਇ ਵਿਚ ਰਊਬੇਨ ਅਤੇ ਸ਼ਿਮਓਨ ਨਾਲ ਗਾਦ ਦੇ ਸਮੂਹ ਨਾਲ ਮਿਲਦਾ ਹੈ, ਜਦੋਂ ਉਨ੍ਹਾਂ ਨੂੰ ਡੇਹਰੇ ਦੇ ਆਲੇ-ਦੁਆਲੇ ਡੇਰਾ ਲਾਉਣ ਦੀ ਹਦਾਇਤ ਦਿੱਤੀ ਗਈ ਸੀ (2:10-16)। ਗਾਦ, ਜਿਸ ਨੇ ਲੇਆਹ ਦੀ ਗੋੱਲੀ ਜਿਲਫਾਹ ਦੇ ਰਾਹੀਂ ਜਨਮ ਲਿਆ ਸੀ, ਲੇਆਹ ਦੇ ਦੋ ਪੁੱਤਰਾਂ ਵਾਂਗ ਸਮਝਿਆ ਗਿਆ ਸੀ। ਅੰਤਿਮ ਨਤੀਜਾ ਇਹ ਹੈ ਕਿ ਤਿੰਨਾਂ ਗੋਤਾਂ ਦੇ ਚਾਰ ਸਮੂਹ ਹਨ: ਦੋ ਲੇਆਹ ਦੇ ਸਮੂਹ (ਰਊਬੇਨ, ਸ਼ਿਮਓਨ ਅਤੇ ਗਾਦ; ਯਹੂਦਾਹ, ਯਿੱਸਕਾਰ ਅਤੇ ਜ਼ਬੂਲੁਨ), ਇਕ ਰਾਖੇਲ ਦਾ ਸਮੂਹ (ਅਫ਼ਰਈਮ, ਮਨੱਸ਼ਹ ਅਤੇ ਬਿਨਯਾਮੀਨ) ਅਤੇ ਇਕ ਗੋੱਲੀ ਦਾ ਸਮੂਹ (ਦਾਨ, ਆਸ਼ੇਰ ਅਤੇ ਨਫ਼ਤਾਲੀ)।[10]

ਇਸ ਗਿਣਤੀ ਦੇ ਅਨੁਸਾਰ, ਅਫ਼ਰਈਮ ਦੀਆਂ ਸੈਨਾਂ (40,500) ਮਨੱਸ਼ਹ ਦੀਆਂ ਸੈਨਾਂ (32,200) ਤੋਂ ਕਾਫੀ ਵੱਧ ਸਨ। ਇਸ ਨੇ ਯਾਕੂਬ ਦੀ ਨਬੂਵਤ ਨੂੰ ਪੂਰਾ ਕੀਤਾ ਕਿ ਅਫ਼ਰਈਮ ਜੋ ਕਿ ਯੂਸੁਫ਼ ਦਾ ਸਭ ਤੋਂ ਨਿੱਕਾ ਪੁੱਤਰ ਸੀ ਉਸ ਦੇ ਵੱਡੇ ਭਰਾ ਮਨੱਸ਼ਹ ਨਾਲੋਂ ਵੱਡਾ ਹੋਵੇਗਾ (ਉਤਪਤ 48:17-20)। ਪਰ, ਉਜਾੜ ਵਿਚ ਭਟਕਣ ਤੋਂ ਬਾਅਦ, ਮਨੱਸ਼ਹ ਦੀ ਗਿਣਤੀ (52,700) ਅਫ਼ਰਈਮ ਦੀ ਗਿਣਤੀ (32,500) ਨਾਲੋਂ ਜ਼ਿਆਦਾ ਸੀ (26:34, 35)।

ਉਹ ਗੋਤ ਜਿਸ ਕੋਲ ਜੁੱਧ ਲੜਨ ਵਾਲੇ ਜ਼ਿਆਦਾ ਮਨੁੱਖ ਸਨ ਉਹ ਯਹੂਦਾਹ ਦਾ ਗੋਤ ਸੀ ਜਿਸ ਦੀ ਗਿਣਤੀ 74,600 ਸੀ। ਦੂਜੀ ਗਿਣਤੀ ਤੋਂ ਬਾਅਦ, ਉਨ੍ਹਾਂ ਦੀ ਗਿਣਤੀ 76,500 ਸੀ (26:22)। ਉਨ੍ਹਾਂ ਦੀ ਵੱਡੀ ਗਿਣਤੀ ਕੁਝ ਹੱਦ ਤੱਕ ਉਸ ਮੁੱਖ ਭੂਮਿਕਾ ਬਾਰੇ ਦੱਸਦੀ ਹੈ ਜੋ ਉਨ੍ਹਾਂ ਨੇ ਉਜਾੜ ਵਿਚ ਭਟਕਣ ਦੇ ਸਮੇਂ ਅਤੇ ਕਨਾਨ ਦੀ ਜਿੱਤ ਸਮੇਂ ਨਿਭਾਈ ਸੀ। ਆਖ਼ਰਕਾਰ, ਯਹੂਦਾਹ ਦਾਊਦ ਦੇ ਅਧੀਨ ਸ਼ਾਹੀ ਗੋਤ ਬਣ ਗਿਆ, ਜਿਸ ਵਿੱਚੋਂ ਮਸੀਹਾ ਆਇਆ ਸੀ।

**ਆਇਤਾਂ 44-46. ਮੂਸਾ ਅਰ ਹਾਰੂਨ** ਦੁਆਰਾ **ਗਿਣੇ ਗਏ ਮਨੁੱਖ** ਕੁੱਲ ਮਿਲਾ ਕੇ 603,550 ਸਨ। ਗਿਣਤੀ ਵਿਚ ਜੋ ਲੋਕ ਮਦਦ ਕਰ ਰਹੇ ਸਨ ਉਹ **ਇਸਰਾਏਲ ਦੇ ਬਾਰਾਂ ਪਰਧਾਨ** ਸਨ ਅਤੇ ਇਹ ਬਾਰਾਂ ਦੇ ਬਾਰਾਂ ਆਪਣੇ ਆਪਣੇ ਪਿਤ੍ਰਾਂ ਦੇ ਘਰਾਣੇ ਦੀ ਨੁਮਾਇੰਦਗੀ ਕਰ ਰਹੇ ਸਨ। ਇਕ ਵਾਰ ਫੇਰ, ਇਹ ਦੱਸਿਆ ਗਿਆ ਹੈ ਕਿ ਇਹ ਮਨੁੱਖ ਉਸ ਅਬਾਦੀ ਵਿੱਚੋਂ ਸਨ ਜਿਹੜੇ **ਵੀਹ ਵਰਿਹਾਂ ਦੇ ਯਾ ਉੱਪਰ ਦੇ** ਸਨ ਅਤੇ ਜਿਹੜੇ **ਜੁੱਧ ਲਈ ਨਿੱਕਲਦੇ ਸਨ**। ਤਾਂ ਫਿਰ, ਇਸਰਾਏਲੀਆਂ ਦੀ ਕੁੱਲ ਗਿਣਤੀ ਦੋ ਲੱਖ ਜਾਂ ਇਸ ਤੋਂ ਵੱਧ ਹੋਵੇਗੀ।

## ਲੇਵੀਆਂ ਦਾ ਗਿਣਤੀ ਵਿਚ ਸ਼ਾਮਲ ਨਾ ਕੀਤਾ ਜਾਣਾ (1:47-54)

**47ਪਰ ਲੇਵੀ ਆਪਣੇ ਪਿਉ ਦਾਦਿਆਂ ਦੇ ਗੋਤ ਅਨੁਸਾਰ ਉਨ੍ਹਾਂ ਵਿੱਚ ਨਾ ਗਿਣੇ ਗਏ।**
**48ਯਹੋਵਾਹ ਮੂਸਾ ਨੂੰ ਬੋਲਿਆ 49ਕਿ ਨਿਰਾ ਲੇਵੀਆਂ ਦੇ ਗੋਤ ਨੂੰ ਤੂੰ ਨਾ ਗਿਣੀਂ ਅਤੇ ਉਨ੍ਹਾਂ ਦੀ**
**ਗਿਣਤੀ ਇਸਰਾਏਲੀਆਂ ਵਿੱਚ ਨਾ ਕਰੀਂ। 50ਪਰ ਤੂੰ ਲੇਵੀਆਂ ਨੂੰ ਸਾਖੀ ਦੇ ਡੇਹਰੇ ਉੱਤੇ, ਉਸ ਦੇ**
**ਸਾਰੇ ਸਾਮਾਨ ਉੱਤੇ ਅਤੇ ਜੋ ਕੁਝ ਉਸ ਦਾ ਹੈ ਉਸ ਉੱਤੇ ਮੁਕੱਰਰ ਕਰੀਂ। ਓਹ ਡੇਹਰੇ ਨੂੰ ਅਤੇ**
**ਉਸ ਦੇ ਸਾਰੇ ਸਾਮਾਨ ਨੂੰ ਚੁੱਕਣ ਅਤੇ ਓਹ ਉਸ ਦੀ ਸੇਵਾ ਕਰਨ ਅਰ ਡੇਹਰੇ ਦੇ ਆਲੇ ਦੁਆਲੇ**
**ਆਪਣੇ ਤੰਬੂ ਲਾਉਣ। 51ਜਦ ਡੇਹਰੇ ਦਾ ਕੂਚ ਹੋਵੇ ਤਾਂ ਲੇਵੀ ਉਸ ਨੂੰ ਲਾਹੁਣ ਅਰ ਜਦ ਡੇਹਰੇ ਨੂੰ**
**ਲਾਉਣ ਹੋਵੇ ਤਾਂ ਉਹ ਨੂੰ ਖੜਾ ਕਰਨ ਪਰ ਓਪਰਾ ਜਿਹੜਾ ਉਸ ਦੇ ਨੇੜੇ ਆਵੇ ਮਾਰ ਦਿੱਤਾ**
**ਜਾਵੇ। 52ਇਸਰਾਏਲੀ ਆਪਣੇ ਤੰਬੂ ਇਉਂ ਲਾਉਣ ਕਿ ਹਰ ਮਨੁੱਖ ਆਪਣੇ ਡੇਰੇ ਵਿੱਚ ਅਤੇ ਹਰ**
**ਮਨੁੱਖ ਆਪਣੇ ਝੰਡੇ ਕੋਲ ਆਪਣੀਆਂ ਸੈਨਾਂ ਅਨੁਸਾਰ ਹੋਵੇ। 53ਪਰ ਲੇਵੀ ਸਾਖੀ ਦੇ ਡੇਹਰੇ ਦੇ**

**ਆਲੇ ਦੁਆਲੇ ਆਪਣੇ ਤੰਬੂ ਲਾਉਣ ਤਾਂ ਜੋ ਇਸਰਾਏਲੀਆਂ ਦੀ ਮੰਡਲੀ ਉੱਤੇ ਕ੍ਰੋਧ ਨਾ ਭੜਕੇ ਅਤੇ ਲੇਵੀ ਸਾਖੀ ਦੇ ਡੇਹਰੇ ਦੀ ਰਾਖੀ ਕਰਨ। 54ਇਸਰਾਏਲੀਆਂ ਨੇ ਇਉਂ ਹੀ ਕੀਤਾ। ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਕੀਤਾ।**

**ਆਇਤਾਂ 47-50. ਲੇਵੀਆਂ** ਨੂੰ **ਇਸਰਾਏਲੀਆਂ** ਦੀ **ਗਿਣਤੀ** ਵਿਚ ਸ਼ਾਮਲ ਨਹੀਂ ਸੀ ਕੀਤਾ ਗਿਆ। ਉਸ ਨੂੰ ਧਿਆਨ ਵਿਚ ਰੱਖਦੇ ਹੋਏ ਜੋ **ਯਹੋਵਾਹ ਮੂਸਾ ਨੂੰ ਬੋਲਿਆ**, ਉਨ੍ਹਾਂ ਨੂੰ **ਡੇਹਰੇ** ਅਤੇ **ਉਸ ਦੇ ਸਾਰੇ ਸਾਮਾਨ** ਦੀ ਦੇਖਭਾਲ ਕਰਨ ਦੀ ਜ਼ਿੰਮੇਵਾਰੀ ਦਿੱਤੀ ਗਈ ਸੀ। ਉਨ੍ਹਾਂ ਨੇ ਇਕ ਥਾਂ ਤੋਂ ਦੂਜੀ ਥਾਂ **ਡੇਹਰੇ ਨੂੰ ਚੁੱਕ ਕੇ** ਲੈ ਜਾਣਾ ਸੀ। ਉਨ੍ਹਾਂ ਨੇ **ਡੇਹਰੇ ਦੇ ਆਲੇ ਦੁਆਲੇ ਤੰਬੂ ਲਾਉਣੇ** ਸਨ।

ਆਇਤ 50 ਵਿਚ (ਇਕ ਵਾਰ) ਅਤੇ ਆਇਤ 53 ਵਿਚ ਫੇਰ (ਦੋ ਵਾਰ) ਡੇਹਰੇ ਨੂੰ **ਸਾਖੀ ਦਾ ਡੇਹਰਾ** ਕਿਹਾ ਗਿਆ ਹੈ। "ਸਾਖੀ" ਸ਼ਬਦ ਦਸ ਹੁਕਮਾਂ ਦਾ ਹਵਾਲਾ ਦਿੰਦਾ ਹੈ, ਜਿਹੜੇ ਪੱਥਰ ਦੀਆਂ ਦੋ ਫੱਟੀਆਂ ਤੇ ਲਿਖੇ ਗਏ ਸਨ ਅਤੇ ਡੇਹਰੇ ਦੇ ਅੱਤ ਪਵਿੱਤਰ ਅਸਥਾਨ ਵਿਚ ਨੇਮ ਦੇ ਸੰਦੂਕ ਵਿਚ ਰੱਖੇ ਗਏ ਸਨ। ਉਹ ਹੁਕਮ ਪਰਮੇਸ਼ੁਰ ਦੇ ਉਸ ਨੇਮ ਨੂੰ ਜੋ ਉਸ ਨੇ ਇਸਰਾਏਲੀਆਂ ਨਾਲ ਬੰਨ੍ਹਿਆ ਸੀ ਅਤੇ ਉਸ ਪੂਰੀ ਬਿਵਸਥਾ ਨੂੰ ਦਰਸਾਉਂਦੇ ਸਨ ਜਿਹੜੀ ਉਸ ਨੇਮ ਦਾ ਹਿੱਸਾ ਸੀ। ਡੇਹਰਾ "ਸਾਖੀ ਦਾ ਡੇਹਰਾ" ਸੀ ਕਿਉਂਕਿ ਇਹ "ਸਾਖੀ" ਡੇਹਰੇ ਦੇ ਵਿਚ ਰੱਖੀ ਹੋਈ ਸੀ (ਵੇਖੋ ਕੂਚ 38:21)।

**ਆਇਤਾਂ 51-53.** ਡੇਹਰੇ ਨੂੰ ਚੁੱਕ ਕੇ ਲੈ ਜਾਣ ਤੋਂ ਇਲਾਵਾ, ਹਰ ਵਾਰ ਜਦੋਂ ਡੇਰੇ ਨੂੰ ਇਕ ਥਾਂ ਤੋਂ ਦੂਜੀ ਥਾਂ ਤੇ ਲਿਜਾਇਆ ਜਾਣਾ ਸੀ ਤਾਂ **ਲੇਵੀਆਂ** ਨੇ **ਇਸ ਨੂੰ ਲਾਹੁਣਾ** ਅਤੇ **ਇਸ ਨੂੰ ਲਾਉਣਾ** ਸੀ। ਸਿਰਫ ਉਨ੍ਹਾਂ ਨੇ ਇਸ ਨੂੰ ਛੋਹਣਾ ਸੀ। **ਓਪਰਾ** (זָר, *ਜ਼ਾਰ*) ਉਹ ਸ਼ਬਦ ਹੈ ਜੋ ਆਮ ਤੌਰ ਤੇ ਕਿਸੇ "ਅਜਨਬੀ" (KJV) ਜਾਂ "ਪਰਦੇਸੀ" (NRSV) ਦਾ ਵਰਣਨ ਕਰਦਾ ਹੈ। ਜਦ ਕਿ ਇਹ ਸ਼ਬਦ ਗੈਰ-ਇਸਰਾਏਲੀ ਦਾ ਵਰਣਨ ਕਰ ਸਕਦਾ ਹੈ,[11] ਇੱਥੇ ਇਹ ਉਸ ਵਿਅਕਤੀ ਦਾ ਹਵਾਲਾ ਦਿੰਦਾ ਹੈ ਜੋ ਲੇਵੀ ਨਹੀਂ ਹੈ। ਜੇਕਰ ਲੇਵੀ ਦੇ ਗੋਤ ਦੇ ਵਿਅਕਤੀ ਤੋਂ ਇਲਾਵਾ ਕੋਈ ਡੇਹਰੇ ਦੇ ਨੇੜੇ ਆਵੇਗਾ, ਉਹ **ਮਾਰ ਦਿੱਤਾ ਜਾਵੇਗਾ** ਅਤੇ **ਇਸਰਾਏਲੀਆਂ ਦੀ ਮੰਡਲੀ ਉੱਤੇ ਕ੍ਰੋਧ** ਆਣ ਪਵੇਗਾ। NIV ਬਾਈਬਲ ਕਹਿੰਦੀ ਹੈ, "*ਹੋਰ ਜੋ ਕੋਈ* ਡੇਹਰੇ ਦੇ ਨੇੜੇ ਜਾਵੇਗਾ ਮਾਰ ਦਿੱਤਾ ਜਾਵੇਗਾ" (ਜ਼ੋਰ ਦਿੱਤਾ ਗਿਆ ਹੈ)। ਇਹ ਵਾਕ ਇਸ ਸੱਚਾਈ ਨੂੰ ਪਰਗਟ ਕਰਦਾ ਹੈ ਕਿ ਜਾਜਕ ਅਤੇ **ਲੇਵੀ** ਸੱਚਮੁੱਚ ਮੂਸਾ ਦੇ ਯੁੱਗ ਦੌਰਾਨ ਬਾਕੀ ਦੇ ਇਸਰਾਏਲੀਆਂ ਤੋਂ ਵੱਖਰੇ ਸਨ। ਜਦ ਕਿ ਬਾਕੀ ਦੇ ਗੋਤਾਂ ਦੇ ਮੈਂਬਰਾਂ ਨੇ **ਆਪਣੇ ਤੰਬੂ ਇਉਂ ਲਾਉਣੇ ਸੀ ਕਿ ਹਰ ਮਨੁੱਖ ਆਪਣੇ ਡੇਰੇ ਵਿੱਚ ਅਤੇ ਹਰ ਮਨੁੱਖ ਆਪਣੇ ਝੰਡੇ ਕੋਲ ਆਪਣੀਆਂ ਸੈਨਾਂ ਅਨੁਸਾਰ ਹੋਵੇ**, ਲੇਵੀਆਂ ਨੂੰ **ਸਾਖੀ ਦੇ ਡੇਹਰੇ ਦੇ ਆਲੇ ਦੁਆਲੇ ਆਪਣੇ ਤੰਬੂ ਲਾਉ**ਣ ਅਤੇ ਇਸ ਦੀ ਰਾਖੀ ਕਰਨ ਦਾ ਹੁਕਮ ਦਿੱਤਾ ਗਿਆ ਸੀ। ਜਾਜਕ (ਅਤੇ ਜਾਜਕਾਂ ਦਾ ਗੋਤ) ਪਰਮੇਸ਼ੁਰ ਅਤੇ ਉਸ ਦੀ ਪਰਜਾ ਵਿਚਕਾਰ ਵਿਚੋਲੇ ਦਾ ਕੰਮ ਕਰਦੇ ਸਨ।[12] ਥੋੜ੍ਹੇ ਸ਼ਬਦਾਂ ਵਿਚ ਕਹੀਏ ਤਾਂ ਪਰਮੇਸ਼ੁਰ ਨੇ ਆਖਿਆ, **ਲੇਵੀ ਸਾਖੀ ਦੇ ਡੇਹਰੇ ਦੀ ਰਾਖੀ ਕਰਨ।**

**ਆਇਤ 54.** ਇਹ ਅਧਿਆਇ ਇਕ ਹੋਰ ਗੱਲ ਨਾਲ ਖਤਮ ਹੁੰਦਾ ਹੈ ਕਿ **ਇਸਰਾਏਲੀਆਂ ਨੇ ... ਜਿਵੇਂ ਯਹੋਵਾਹ ਨੇ ਮੂਸਾ ਨੂੰ ਹੁਕਮ ਦਿੱਤਾ ਸੀ ਤਿਵੇਂ ਹੀ ਕੀਤਾ** (1:17-19 ਤੇ ਟਿੱਪਣੀਆਂ ਵੇਖੋ)।

# ਪ੍ਰਾਸੰਗਿਕਤਾ

## ਗਿਣਤੀ ਦੀ ਮਹੱਤਤਾ (ਅਧਿਆਇ 1)

ਗਿਣਤੀ ਲਈ ਪਰਮੇਸ਼ੁਰ ਦੀ ਚਿੰਤਾ ਕਾਫੀ ਰੌਚਕ ਹੈ। ਪਰਮੇਸ਼ੁਰ ਨੇ ਆਪਣੀ ਪਰਜਾ ਨੂੰ ਬਿਲਕੁਲ ਓਨੇ ਇਸਰਾਏਲੀ ਅਤੇ ਓਨੇ ਲੇਵੀ ਮਨੁੱਖਾਂ ਦੀ ਗਿਣਤੀ ਕਰਨ ਦਿੱਤੀ ਜਿਹੜੇ ਜੁੱਧ ਕਰਨ ਦੇ ਲਈ ਤਿਆਰ ਸਨ। ਦਰਅਸਲ, ਜਦੋਂ ਲੇਵੀਆਂ ਨੇ ਪਲੋਠੇ ਨਰਾਂ ਦੀ ਥਾਂ ਲੈ ਲਈ, ਤਾਂ ਬਿਲਕੁਲ 273 ਦਾ ਫ਼ਰਕ ਨੋਟ ਕੀਤਾ ਗਿਆ ਸੀ ਅਤੇ ਪਲੋਠਿਆਂ ਦੀ ਉਹ ਗਿਣਤੀ ਨੂੰ ਪੰਜ ਸ਼ਕਲ ਦਾ ਮੁੱਲ ਦੇ ਕੇ ਛੁਡਾਇਆ ਜਾਣਾ ਸੀ। ਉਸ ਛੁਟਕਾਰੇ ਦਾ ਨਤੀਜਾ ਲਗਭਗ ਗਿਣਤੀ ਵਿਚ ਨਹੀਂ ਦਿੱਤਾ ਗਿਆ ਹੈ, ਪਰ ਠੀਕ-ਠੀਕ ਸੰਖਿਆ ਵਿਚ ਦਿੱਤਾ ਗਿਆ ਹੈ: 1,365 ਸ਼ਕਲ (3:39-51)।

ਉਸੇ ਤਰ੍ਹਾਂ, ਨਵੇਂ ਨੇਮ ਵਿਚ ਸਾਨੂੰ ਅਕਸਰ ਗਿਣਤੀ ਵਿਚ ਰੁਚੀ ਮਿਲਦੀ ਹੈ - ਜਿਵੇਂ ਕਿ ਦੋ ਮੌਕਿਆਂ ਤੇ ਯਿਸੂ ਨੇ ਕਿੰਨੇ ਮਨੁੱਖਾਂ ਨੂੰ ਰਜਾਇਆ ਸੀ (ਲਗਭਗ 5,000; ਮੱਤੀ 14:13-21; ਅਤੇ ਲਗਭਗ 4,000; ਮੱਤੀ 15:32-39), ਪਤਰਸ ਦੁਆਰਾ ਜ਼ਮੀਨ ਤੇ ਕਿੰਨੀਆਂ ਮੱਛੀਆਂ ਫੜ ਕੇ ਲਿਆਂਦੀਆਂ ਗਈਆਂ ਸਨ (153; ਯੂਹੰਨਾ 21:11), ਪੰਤੇਕੁਸਤ ਦੇ ਦਿਨ ਕਿੰਨੇ ਲੋਕਾਂ ਦਾ ਮਨ ਬਦਲਿਆ ਸੀ ਜਾਂ ਕਿੰਨੇ ਲੋਕ ਮਸੀਹ ਵਿਚ ਆਏ ਸਨ (ਲਗਭਗ 3,000; ਰਸੂਲਾਂ ਦੇ ਕਰਤੱਬ 2:41) ਅਤੇ ਉਸ ਤੋਂ ਛੇਤੀ ਬਾਅਦ ਪ੍ਰਭੂ ਦੀ ਕਲੀਸਿਆ ਵਿਚ ਕਿੰਨੇ ਮਨੁੱਖ ਸਨ (ਲਗਭਗ 5,000; ਰਸੂਲਾਂ ਦੇ ਕਰਤੱਬ 4:4)।

ਸ਼ਾਇਦ ਸਾਨੂੰ ਗਿਣਤੀ ਬਾਰੇ ਪਰਮੇਸ਼ੁਰ ਦੀ ਚਿੰਤਾ ਤੋਂ ਸਿੱਖਣਾ ਅਤੇ ਉਸ ਰੁਚੀ ਨੂੰ ਸਾਂਝਾ ਕਰਨਾ ਚਾਹੀਦਾ ਹੈ। ਸਾਨੂੰ ਲੋਕਾਂ ਦੀ ਉਸ ਗਿਣਤੀ ਵਿਚ ਰੁਚੀ ਰੱਖਣੀ ਚਾਹੀਦੀ ਹੈ ਜਿਨ੍ਹਾਂ ਨੂੰ ਅਸੀਂ ਸਿੱਖਿਆ ਦੇ ਰਹੇ ਹਾਂ (ਜਾਂ ਜਿਨ੍ਹਾਂ ਤੱਕ ਅਸੀਂ ਪਹੁੰਚਣ ਵਿਚ ਅਸਫ਼ਲ ਹੋ ਰਹੇ ਹਾਂ) ਕਿਉਂਕਿ ਉਹ ਗਿਣਤੀ ਵਿਅਕਤੀਗਤ ਰੂਹਾਂ ਨੂੰ ਦਰਸਾਉਂਦੀ ਹੈ। ਇਕ ਰੂਹ ਦਾ ਵੀ ਨਾਸ ਹੋਣਾ ਇਕ ਤ੍ਰਾਸਦੀ ਹੈ ਅਤੇ ਇਹ ਅਨੰਦ ਹੋਣ ਦਾ ਇਕ ਕਾਰਣ ਹੈ ਜਦੋਂ ਇਕ ਵੀ ਰੂਹ ਬਚਦੀ ਹੈ (ਲੂਕਾ 15:10)।

## ਇਕ ਨਵੀਂ ਸ਼ੁਰੂਆਤ (1:1-4)

ਇਸਰਾਏਲੀਆਂ ਨੂੰ ਨਵੇਂ ਟੀਚਿਆਂ, ਮੁੱਲਾਂ ਅਤੇ ਹਦਾਇਤਾਂ ਦੇ ਬਾਰੇ ਸਿੱਖਣਾ ਪਿਆ ਸੀ। ਉਨ੍ਹਾਂ ਦੇ ਪੁਰਾਣੇ ਜੀਵਨਾਂ ਵਿਚ ਸਿਰਫ ਰੋਜ਼ਾਨਾ ਕੁਝ ਇੱਟਾਂ ਬਣਾਉਣਾ ਸ਼ਾਮਲ ਹੁੰਦਾ ਸੀ। ਉਹ ਗੁਲਾਮੀ ਵਿਚ ਰਹੇ ਸਨ। ਸੀਨਈ ਪਹਾੜ ਤੇ, ਪਰਮੇਸ਼ੁਰ ਨੇ ਉਨ੍ਹਾਂ ਨੂੰ ਇਕ ਨਵੀਂ ਸ਼ੁਰੂਆਤ ਦੇਣੀ ਸੀ। ਗਿਣਤੀ ਦੀ ਪੁਸਤਕ ਸਾਨੂੰ ਇਸਰਾਏਲੀਆਂ ਦੇ ਲਈ ਚਾਰ ਨਵੀਆਂ ਸ਼ੁਰੂਆਤਾਂ ਵਿਖਾਉਂਦੀ ਹੈ:

1. ਜੀਉਣ ਵਿਚ ਇਕ ਨਵੀਂ ਸ਼ੁਰੂਆਤ। ਪਰਮੇਸ਼ੁਰ ਨੇ ਵਿਧੀਵਤ ਜੀਉਣ ਵਿਚ ਡੇਰੇ ਨੂੰ ਸੰਗਠਿਤ ਕੀਤਾ ਸੀ। ਹਰ ਗੋਤ ਨੇ ਉਨ੍ਹਾਂ ਦੇ ਵਿਸ਼ੇਸ਼ ਝੰਡੇ ਦੇ ਲਾਗੇ ਡੇਰਾ ਲਾਉਣਾ ਸੀ।
2. ਬੰਦਗੀ ਵਿਚ ਇਕ ਨਵੀਂ ਸ਼ੁਰੂਆਤ। ਪਰਮੇਸ਼ੁਰ ਦਾ ਡੇਹਰਾ ਬਣਾਇਆ ਗਿਆ ਸੀ ਅਤੇ ਲੋਕਾਂ ਨੇ ਛੇਤੀ ਹੀ ਪਸਾਹ ਮਨਾਉਣਾ ਸੀ ਜਦੋਂ ਉਨ੍ਹਾਂ ਨੇ ਪਰਮੇਸ਼ੁਰ ਦੀਆਂ ਧਾਰਮਿਕ ਹਦਾਇਤਾਂ ਨੂੰ ਲਾਗੂ ਕਰਨਾ ਸੀ।
3. ਫੌਜੀ ਸੇਵਾ ਵਿਚ ਇਕ ਨਵੀਂ ਸ਼ੁਰੂਆਤ। ਪਰਮੇਸ਼ੁਰ ਨੇ ਇਕ ਫੌਜ ਨੂੰ ਖੜ੍ਹਾ ਕੀਤਾ ਸੀ ਅਤੇ ਇਸਰਾਏਲ ਦੀ "ਗਿਣਤੀ" (ਮਰਦਮਸ਼ੁਮਾਰੀ) ਕੁਝ ਹੱਦ ਤੱਕ ਇਹ ਨਿਰਧਾਰਤ ਕਰੇਗੀ ਕਿ ਕੌਣ ਸੇਵਾ ਕਰੇਗਾ।

4. ਆਸ ਅਤੇ ਵਾਅਦੇ ਦੀ ਇਕ ਨਵੀਂ ਸ਼ੁਰੂਆਤ। ਲੋਕ ਛੇਤੀ ਹੀ ਸੀਨਈ ਤੋਂ ਕਨਾਨ ਅਰਥਾਤ ਵਾਅਦੇ ਦੀ ਧਰਤੀ ਵੱਲ ਕੂਚ ਕਰਨ ਦੇ ਲਈ ਤਿਆਰ ਹੋਣਗੇ। ਗਿਣਤੀ ਦੀ ਪੁਸਤਕ ਉਨ੍ਹਾਂ ਦੀਆਂ ਸਫ਼ਲਤਾਵਾਂ ਅਤੇ ਅਸਫ਼ਤਾਵਾਂ, ਉਨ੍ਹਾਂ ਵਾਅਦਿਆਂ ਤੋਂ ਉਨ੍ਹਾਂ ਦੇ ਵਿਕਾਸ ਅਤੇ ਉਨ੍ਹਾਂ ਦੇ ਭਟਕਣ ਦਾ ਪਤਾ ਲਗਾਉਂਦੀ ਹੈ।

ਪਰਮੇਸ਼ੁਰ ਦਾ ਰਾਜ ਸਾਨੂੰ ਸਾਡੇ ਰਾਜਾ ਮਸੀਹ ਦੀ ਸੇਵਾ ਕਰਨ ਦੇ ਮੌਕੇ ਦਿੰਦਾ ਹੈ। ਪੌਲੁਸ ਨੇ ਕਿਹਾ "ਕਿਉਂ ਜੋ ਅਸੀਂ ਉਹ ਦੀ ਰਚਨਾ ਹਾਂ ਜਿਹੜੇ ਮਸੀਹ ਯਿਸੂ ਵਿੱਚ ਸ਼ੁਭ ਕਰਮਾਂ ਲਈ ਰਚੇ ਗਏ ਜੋ ਪਰਮੇਸ਼ੁਰ ਨੇ ਅੱਗੋਂ ਹੀ ਤਿਆਰ ਕੀਤੇ ਸਨ ਭਈ ਅਸੀਂ ਉਨ੍ਹਾਂ ਵਿੱਚ ਲੱਗੇ ਰਹੀਏ" (ਅਫ਼ਸੀਆਂ 2:10)। ਜਿਵੇਂ ਪਰਮੇਸ਼ੁਰ ਨੇ ਆਪਣੇ ਕੰਮਾਂ ਦੀ ਪਹਿਲਾਂ ਤੋਂ ਹੀ ਯੋਜਨਾ ਬਣਾਈ ਸੀ, ਪਰਮੇਸ਼ੁਰ ਚਾਹੁੰਦਾ ਸੀ ਕਿ ਇਸਰਾਏਲੀ ਲੋਕ ਉਨ੍ਹਾਂ ਕੰਮਾਂ ਵਿਚ ਲੱਗੇ ਰਹਿਣ ਜਦੋਂ ਉਨ੍ਹਾਂ ਨੇ ਉਸ ਦੇ ਵਾਅਦੇ ਵੱਲ ਕੂਚ ਕੀਤਾ ਸੀ, ਪਰਮੇਸ਼ੁਰ ਨੇ ਸਾਡੇ ਲਈ ਵੀ ਮਸੀਹ ਵਿਚ ਉਪਯੋਗੀ ਅਤੇ ਅਰਥਪੂਰਣ ਜੀਵਨਾਂ ਦੀ ਯੋਜਨਾ ਬਣਾਈ ਸੀ ਜਦੋਂ ਅਸੀਂ ਉਸ ਦੇ ਵਾਅਦਾ ਕੀਤੇ ਹੋਏ ਅਰਾਮ, ਸੁਰਗ ਦੀ ਵੱਲ ਅੱਗੇ ਨੂੰ ਵਧਦੇ ਜਾਂਦੇ ਹਾਂ (ਵੇਖੋ ਇਬਰਾਨੀਆਂ 3:7-4:11)। ਹਰ ਰੋਜ਼ ਪਰਮੇਸ਼ੁਰ ਸਾਨੂੰ ਉਸ ਦੀ ਸੇਵਾ ਕਰਨ ਦੇ ਲਈ ਬਰਕਤਾਂ ਅਤੇ ਮੌਕੇ ਦਿੰਦਾ ਹੈ। ਕੀ ਸਾਡੇ ਅੰਦਰ ਉਨ੍ਹਾਂ ਦੋਹਾਂ ਦੇ ਲਈ ਇਹ ਪ੍ਰਾਰਥਨਾ ਕਰਨ ਦੀ ਨਿਹਚਾ ਹੈ ਕਿ ਉਹ ਸਾਡੇ ਰਾਹ ਵਿਚ ਆਉਣ ਅਤੇ ਉਨ੍ਹਾਂ ਨੂੰ ਪਛਾਣਨ ਅਤੇ ਉਨ੍ਹਾਂ ਦਾ ਫਾਇਦਾ ਉਠਾਉਣ ਦੀ ਯੋਗਤਾ ਹੈ ਜਦੋਂ ਉਹ ਸਾਡੇ ਕੋਲ ਆਉਂਦੇ ਹਨ?

ਪੁਰਾਣੇ ਇਸਰਾਏਲੀਆਂ ਦੇ ਵਾਂਗ, ਮਸੀਹੀ ਲੋਕਾਂ ਨੂੰ ਮਸੀਹ ਵਿਚ ਨਵੀਆਂ ਸ਼ੁਰੂਆਤਾਂ ਦੇ ਲਈ ਬੁਲਾਇਆ ਗਿਆ ਹੈ। ਹਰ ਰੋਜ਼ ਅਸੀਂ ਪ੍ਰਾਰਥਨਾ ਵਿਚ ਪਰਮੇਸ਼ੁਰ ਨੂੰ ਮਿਲ ਸਕਦੇ ਹਾਂ ਅਤੇ ਉਸ ਨਾਲ ਆਪਣੇ ਰਿਸ਼ਤੇ ਨੂੰ ਨਵੇਂ ਸਿਰਿਓਂ ਨਵਾਂ ਬਣਾ ਸਕਦੇ ਹਾਂ। ਅਸੀਂ ਹਰ ਰੋਜ਼ ਪਾਪ ਉੱਤੇ ਅਤੇ ਸ਼ਤਾਨ ਵੱਲੋਂ ਪਰਤਾਵੇ ਉੱਤੇ ਫਤਹਿ ਪਾਉਣ ਦੀ ਠਾਣ ਸਕਦੇ ਹਾਂ। ਅਸੀਂ ਹਰੇਕ ਦਿਨ ਨੂੰ ਸੇਵਾ ਦੇ ਨਵੇਂ ਮੌਕਿਆਂ ਦੇ ਲਈ ਅਤੇ ਦੂਜਿਆਂ ਦੇ ਲਈ ਬਰਕਤ ਦਾ ਕਾਰਣ ਬਣਨ ਵਾਸਤੇ ਵਰਤ ਸਕਦੇ ਹਾਂ ਜਦੋਂ ਪਰਮੇਸ਼ੁਰ ਸਾਨੂੰ ਆਪਣੇ ਵਾਅਦੇ ਦੀ ਧਰਤੀ ਵੱਲ ਲੈ ਕੇ ਜਾਂਦਾ ਹੈ। ਕੀ ਅਸੀਂ ਨਵੀਆਂ ਸ਼ੁਰੂਆਤਾਂ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਦੇ ਚਾਹਵੰਦ ਹਾਂ ਜੋ ਪਰਮੇਸ਼ੁਰ ਸਾਡੇ ਨਾਲ ਸਾਂਝੀਆਂ ਕਰਨਾ ਚਾਹੁੰਦਾ ਹੈ?

---

ਟਿੱਪਣੀਆਂ

[1]ਰੋਨਾਲਡ ਬੀ. ਐਲਨ ਦੀ ਪੁਸਤਕ *ਦਿ ਇਕਸਪੋਜੀਟਰਸ ਬਾਈਬਲ ਕਮੈਂਟਰੀ*, ਜਿਲਦ 2, *ਉਤਪਤ-ਗਿਣਤੀ*, ਸੋਧ. ਫਰੈਂਕ ਈ. ਗਾਬੀਲਿਨ (ਗਰੈਂਡ ਰੈਪਿਡਸ, ਮਿਸ਼ੀਗਨ: ਜ਼ੋਂਡੇਰਵਨ ਪਬਲਿਸ਼ਿੰਗ ਹਾਊਸ, 1990) ਵਿਚ ਸਫ਼ਾ 702 ਤੇ "ਗਿਣਤੀ" ਹੈ। [2]ਆਰ. ਕੇ. ਹੈਰੀਸਨ, *ਗਿਣਤੀ: ਐਨ ਐਕਸਜੀਟੀਕਲ ਕਮੈਂਟਰੀ* (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ ਹਾਊਸ, 1992), 37. [3]ਹੁਗੋ ਮੈਕਕੋਰਡ, *ਗੈਟਿੰਗ ਅਕਵੇਂਟਡ ਵਿਦ ਗੌਡ: ਥਰਟੀ-ਫਾਈਵ ਓਲਡ ਟੈਸਟਾਮੈਂਟ ਡਿਸਕਰਿਪਸ਼ਨਜ਼ ਆਫ਼ ਡੀਟੀ* (ਮੁਰਫਰੀਸਬੋਰੋ, ਟੈਨੇਸੀ: ਡੀਹੋਫ ਪਬਲੀਕੇਸ਼ਨਜ਼, 1965), 19, 23, 46. [4]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਸਟੱਡੀ ਸੋਧ, ਅਨੁਵਾਦ ਅਤੇ ਸੋਧ. ਐਮ. ਈ. ਜੇ. ਰਿਚਰਡਸਨ (ਬੌਸਟਨ: ਬਰਿਲ, 2001), 1:837. [5]ਸੂਚੀ ਵਿਚ ਨਾਵਾਂ ਦੇ ਅਰਥ ਅਰਲ ਡੀ. ਰਡਮਾਚਰ ਦੀ ਪੁਸਤਕ, *ਨੈਲਸਨਸ ਨਿਊ ਇਲੂਸਟਰੇਟਡ ਬਾਈਬਲ ਕਮੈਂਟਰੀ* (ਨੈਸ਼ਵਿਲੇ: ਥੋਮਸ ਨੈਲਸਨ ਪਬਲਿਸ਼ਰਜ਼, 1999) ਵਿੱਚੋਂ ਸਫ਼ਾ 197 ਤੋਂ ਲਏ ਗਏ ਹਨ। [6]ਹੈਰੀਸਨ, 38. [7]ਕੋਹਲਰ ਅਤੇ ਬਾਉਮਗਾਰਟਨਰ, 1:727-28. [8]ਉਨ੍ਹਾਂ ਤਿੰਨ ਸੂਚੀਆਂ ਵਿਚ, ਗੋਤ ਅਤੇ ਉਨ੍ਹਾਂ ਦੇ ਪਰਧਾਨ 1:5-16 ਵਿਚ ਦਿੱਤੀ ਗਈ ਤਰਤੀਬ ਨਾਲੋਂ ਇਕ ਵੱਖਰੀ ਤਰਤੀਬ ਵਿਚ ਆਉਂਦੇ ਹਨ। ਯਹੂਦਾਹ - ਜਿਹੜਾ ਬਾਅਦ ਵਿਚ ਸ਼ਾਹੀ ਗੋਤ ਬਣਿਆ - ਰਊਬੇਨ ਦੀ ਥਾਂ ਤੇ ਇਨ੍ਹਾਂ ਸੂਚੀਆਂ ਨੂੰ ਸ਼ੁਰੂ ਕਰਦਾ ਹੈ। [9]ਰਡਮਾਚਰ, 197. [10]ਟਿਮੋਥੀ ਆਰ. ਐਸ਼ਲੇ, *ਦ ਬੁਕ ਆਫ਼ ਗਿਣਤੀ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗ੍ਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ.

ਈਰਡਮੈਂਸ ਪਬਲਿਸ਼ਿੰਗ ਕੰਪਨੀ, 1993), 51-52.

[11]ਇਸ ਬੰਦ ਵਿਚ ਆਰ. ਕੇ. ਹੈਰੀਸਨ ਨੇ *ਜ਼ਾਰ* ਸ਼ਬਦ ਦੀ ਵਿਆਖਿਆ ਇਸ ਤਰ੍ਹਾਂ ਕੀਤੀ ਜਿਵੇਂ ਕਿ ਉਹ ਗੈਰ-ਇਸਰਾਏਲੀਆਂ ਦਾ ਹਵਾਲਾ ਦੇ ਰਿਹਾ ਹੋਵੇ। ਉਸ ਨੇ ਆਖਿਆ ਕਿ ਲੇਵੀਆਂ ਨੇ "ਉਤਸੁਕ ਅਜਨਬੀਆਂ ਜਾਂ ਭਟਕਣ ਵਾਲੇ ਜਾਨਵਰਾਂ, ਜਾਂ ... ਅਜਿਹੇ ਝੁੰਡ ਜਿਹੜੇ ਉਜਾੜ ਵਿਚ ਹਮਲਾ ਕਰਨਾ ਵਾਲੇ ਦਲ ਹੁੰਦੇ ਹਨ" ਉਨ੍ਹਾਂ ਤੋਂ ਡੇਹਰੇ ਦੀ ਰਾਖੀ ਕਰਨੀ ਸੀ (ਹੈਰੀਸਨ, 50)। [12]ਮਸੀਹ ਦੇ ਨਵੇਂ ਨੇਮ ਅਧੀਨ ਅਜਿਹਾ ਕੋਈ ਫ਼ਰਕ ਨਹੀਂ ਹੈ। ਕਿਉਂਕਿ ਹਰੇਕ ਮਸੀਹੀ ਵਿਅਕਤੀ ਜਾਜਕਪੁਣੇ ਦਾ ਹਿੱਸਾ ਹੈ (1 ਪਤਰਸ 2:5, 9), ਅੱਜ ਦੇ ਸਮੇਂ ਵਿਚ ਕਥਿਤ "ਪਾਦਰੀ" ਅਤੇ "ਆਮ ਜਨਤਾ" ਵਿਚ ਕੋਈ ਭੇਦਭਾਵ ਨਹੀਂ ਕੀਤਾ ਜਾਣਾ ਚਾਹੀਦਾ।